ਸਿਰ ਦਾ ਸਰਫ਼ਾ ਮੂਲ ਨਾ ਕਰਦੇ ਜੋ ਸੂਰੇ ਸਨਮੁਖ ਜਾਂਦੇ,
ਪਿਛੇ ਪੈਰ ਨਾ ਹਰਗਿਜ਼ ਫੇਰਨ ਉਹ ਚੋਟ ਮੂੰਹੋਂ ਮੂੰਹ ਖਾਂਦੇ।
—ਸੰਤ ਰੇਣ

ਇਸ ਅੰਕ ਵਿਚ

ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਰਬ ਨੂੰ ਸਮਰਪਤ ਦਸਮੇਸ਼ ਕਾਵਿ ਪੰਨਾ ੨ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਸਾਹਿਤ ਪ੍ਰੇਮ—(ਲੇਖਕ—ਕੁਲਦੀਪ ਸਿੰਘ ਹਾਉਰਾ) ਪੰਨਾ ੬ ਤੇ ਪੜ੍ਹੋ।

੧੭-੧੯ ਜਨਵਰੀ ਆਜ਼ਾਦੀ ਦੇ ਇਤਿਹਾਸ ਵਿਚ ਅਹਿਮ ਦਿਨ ਹਨ। ਮਲੇਰ ਕੋਟਲੇ ਵਿਚ ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਗਿਆ ਅਤੇ ਸਤਿਗੁਰੂ ਰਾਮ ਸਿੰਘ ਨੂੰ ਜਲਾ ਵਤਨ ਕੀਤਾ ਗਿਆ ਇਸ ਬਾਰੇ ਸ਼ਰਧਾਂਜਲੀ ਲੇਖ ਪੰਨਾ ੪ ਤੇ ਪੜ੍ਹੋ।

੧੦ ਜੂਨ ੧੮੭੯ ਨੂੰ ਹਜ਼ਾਰੀ ਬਾਗ ਜੇਲ (ਬਿਹਾਰ) ਵਿਖੇ ਅੰਗਰੇਜ਼ਾਂ ਦੀ ਕੈਦ ਵਿਚ ਸ਼ਹੀਦ ਹੋਣ ਵਾਲੇ ਸੂਬਾ ਸਾਹਿਬ ਸਿੰਘ ਨਾਮਧਾਰੀ ਦੀ ਪਹਿਲੀ ਸ਼ਤਾਬਦੀ ਨੂੰ ਸਮਰਪਤ, ਸ. ਸਵਰਨ ਸਿੰਘ ਸਨੇਹੀ ਦੇ ਲੇਖ ਦੀ ਪਹਿਲੀ ਕਿਸ਼ਤ ਪੰਨਾ ੧੨ ਤੇ ਪੜ੍ਹੋ।

ਇਸ ਤੋਂ ਇਲਾਵਾ :—ਲਖਵਿੰਦਰ ਜੌਹਲ ਦਾ ਬਲਵੰਤ ਗਾਰਗੀ ਦੇ ਨਾਟਕ ਸੌਕਣ ਬਾਰੇ ਲੇਖ (ਪੰਨਾ ੧੦), ਕਾਫੀ ਦੇ ਪਿਆਲੇ ਵਿਚ ਕਿੰਨਾ ਜ਼ਹਿਰ ਲੇਖ (ਪੰਨਾ ੧੮) ਮੇਲਾ ਬਾਬਾ ਹਰਿਵਲਭ —ਲੇਖਕ ਵੀਰੇਂਦਰ(ਪੰਨਾ ੧੯),'ਚਮਚੇ' ਹਾਸ ਵਿਅੰਗ--ਲੇਖਕ ਨਿਰੰਜਨ ਸ਼ਰਮਾ ਸੇਖਾ(ਪੰਨਾ ੨੨), ਰਘੁਬੀਰ ਸਿੰਘ ਇਨਕਲਾਬੀ ਦੀਆਂ ਕਵਿਤਾਵਾਂ ਪੰਨਾ (੮) ਅਤੇ ਸਰਵਨ ਰਾਹੀ ਤੇ ਦੇਵਿੰਦਰ ਜੌਹਲ ਦੀ ਗ਼ਜ਼ਲ (ਪੰਨਾ ੯) ਤੇ ਪੜ੍ਹੋ।

ਨਵਰੀ ੧੯੭੯
੧/-

Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji E-library

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

kirpal singh chana

ਮਾਸਕ

ਵਰਿਆਮ

ਜਨਵਰੀ
੧੯੭੯

ਜਿਲਦ ਨੰ: ੪ ਅੰਕ ਨੰ: ੩

ਪ੍ਰਕਾਸ਼ਨ ਮਿਤੀ ੫੦—੧—੧੯੭੯

ਸੰਪਾਦਕ : ਜਗਦੀਸ਼ ਸਿੰਘ

ਸਹਿਯੋਗ : ਅਵਤਾਰ ਸਿੰਘ

ਮੁੱਲ ਪ੍ਰਤੀ ਕਾਪੀ : ੧ ਰੁਪਿਆ
ਸਾਲਾਨਾ ਚੰਦਾ ਦੇਸ : ੧੨ ਰੁਪਏ
,, ,, ਵਿਦੇਸ਼ : ੩੦ ਰੁਪਏ (ਸਮੁੰਦਰੀ ਡਾਕ ਰਾਹੀਂ)
,, ,, ਵਿਦੇਸ਼ : ੧੦੦ ਰੁਪਏ (ਹਵਾਈ ਡਾਕ ਰਾਹੀਂ)
ਲਾਈਫ ਮੈਂਬਰਸ਼ਿਪ : ੨੦੦ ਰੁਪਏ ਕੇਵਲ ਦੇਸ ਵਿਚ

ਦਫਤਰ ਦਾ ਪਤਾ :
ਮਾਸਕ ਵਰਿਆਮ,
ਲਾਡੋਵਾਲੀ ਰੋਡ
ਜਲੰਧਰ—੧੪੪੦੦੧.
ਫੋਨ : ੭੨੫੦੪ ਪੀ, ਪੀ.

Office Address
Monthly WARIAM
(Punjabi)
Ladowali Road
Jullundur-144001
Phone : 72504 P.P.

ਵਰਿਆਮ ਨੂੰ ਸਹਿਯੋਗ

ਸ: ਸਾਧੂ ਸਿੰਘ ਕਿਸਾਨ, ਪਿੰਡ ਰਾਮਪੁਰ (ਸ੍ਰੀ ਜੀਵਨ ਨਗਰ) ਨੇ ਵਰਿਆਮ ਪ੍ਰਤੀ ਆਪਣਾ ਸਨੇਹ ਪ੍ਰਗਟਾਉਂਦਿਆਂ ਇਕ ਸੌ ਰੁਪਏ ਦਾ ਸਹਿਯੋਗ ਦਿਤਾ ਹੈ ਅਤੇ ਇਸ ਦੀ ਸਫਲਤਾ ਦੀ ਕਾਮਨਾ ਕੀਤੀ ਹੈ।

ਸ: ਬਲਬੀਰ ਸਿੰਘ ਬਸਤੀ ਭੂਰੇ ਖਾਂ ਜਲੰਧਰ ਅਤੇ ਗੁਰਦੇਵ ਸਿੰਘ ਕੋਇਲ ਵਲੋਂ ੨੬/- ਰੁਪਏ ਦਾ ਸਹਿਯੋਗ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਗੁਰਪੁਬ ਦੇ ਅਵਸਰ ਤੇ ਨਾਮਧਾਰੀ ਸੰਗਤ, ਨਾਮਧਾਰੀ ਧਰਮ ਸਾਲਾ ਬਸਤੀ ਭੂਰੇ ਖਾਂ ਜਲੰਧਰ ਵਲੋਂ ਵੀ ੨੧/- ਰੁਪਏ ਦਾ ਸਹਿਯੋਗ ਵਰਿਆਮ ਨੂੰ ਪ੍ਰਾਪਤ ਹੋਇਆ ਹੈ। ਧਨਵਾਦ —ਮੈਨੇਜਰ

ਲਖਨਊ ਵਿਚ ਦੋ ਉਤਸਵ

ਨਾਮਧਾਰੀ ਸਾਧ ਸੰਗਤ ਲਖਨਊ ਦੀ ਸੂਚਨਾ ਅਨੁਸਾਰ ਲਖਨਊ ਵਿਖੇ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਉਤਸਵ ੩੧ ਜਨਵਰੀ ਅਤੇ ੧ ਫਰਵਰੀ ੧੯੭੮ ਈ: ਨੂੰ ਚੰਦਰ ਨਗਰ ਵਿਖੇ ਮਨਾਇਆ ਜਾ ਰਿਹਾ ਹੈ।

ਇਸ ਵਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਿਮ੍ਰਤੀ ਵਿਚ ਸੁਰਬ ਭਾਰਤੀ ਸੰਗੀਤ ਮਹਾ ਸਮੇਲਨ ਲਖਨਊ ਦੇ ਰਾਵਿੰਦਰਾਲਯ ਹਾਲ ਵਿਚ ੨ ਤੋਂ ੩ ਫਰਵਰੀ ਨੂੰ ਹੋ ਰਿਹਾ ਹੈ ਜਿਸ ਵਿਚ ਉਸਤਾਦ ਵਲਾਇਤ ਖਾਂ, ਉਸਤਾਦ ਅਮਜਦ ਅਲੀ, ਪੰਡਤ ਕਿਸ਼ਨ ਮਹਾਰਾਜ, ਸ੍ਰੀ ਬਿਰਜੂ ਮਹਾਰਾਜ, ਸ. ਪਿਆਰਾ ਸਿੰਘ, ਸ੍ਰੀ ਰਾਜਨ ਸਾਜਨ ਮਿਸ਼ਰਾ ਭਰਾ, ਸ: ਮਹਿੰਦਰ ਸਿੰਘ, ਸ. ਗੁਰਦੇਵ ਸਿੰਘ, ਸ. ਹਰਿਭਜਨ ਸਿੰਘ ਅਤੇ ਹੋਰ ਉਚ ਕੋਟੀ ਦੇ ਕਲਾਕਾਰ ਭਾਗ ਲੈਣਗੇ।

ਦੋਵੇਂ ਉਤਸਵ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਛਤਰ ਛਾਇਆਂ ਹੇਠ ਹੋ ਰਹੇ ਹਨ ਅਤੇ ਇਸ ਵਿਚ ਸ੍ਰੀ ਮਹਾਰਾਜ ਬੀਰ ਸਿੰਘ ਜੀ ਤੋਂ ਇਲਾਵਾ ਪੰਡਤ ਗੋਪਾਲ ਸਿੰਘ ਜੀ, ਸੰਤ ਗਿਆਨ ਸਿੰਘ, ਜਥੇਦਾਰ ਨਿਰੰਜਨ ਸਿੰਘ, ਜਥੇਦਾਰ ਸੇਵਾ ਸਿੰਘ ਜੀ ਇਤਿਆਦਕ ਅਤੇ ਯੁਵਕ ਨਾਮਧਾਰੀ ਕਲਾਕਾਰ ਵੀ ਭਾਗ ਲੈਣਗੇ।

ਵਰਿਆਮ ਸਕੂਲਾਂ ਕਾਲਜਾਂ ਲਈ ਪਰਵਾਨ

'ਵਰਿਆਮ' ਨਿਰਦੇਸ਼ਕ ਸਿਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪਤਰ ਨੰਬਰ ੩/੧-੭੭-ਐਡੀਫਰਚ, ਮਿਤੀ ੨-੩-੭੭ ਰਾਹੀਂ ਪੰਜਾਬ ਭਰ ਦੇ ਸਕੂਲਾਂ ਕਾਲਜਾਂ ਤੇ ਲਾਇਬਰੇਰੀਆਂ ਲਈ ਪ੍ਰਵਾਨ ਹੈ।

ਵਰਿਆਮ ਵਿਚ ਛਪੇ ਲੇਖਕਾਂ ਦੇ ਵਿਚਾਰਾਂ ਨਾਲ ਐਡੀਟਰ ਵਰਿਆਮ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

Sri Satguru Jagjit Singh Ji Elibrary NamdhariElibrary@gmail.com

ਦਸਮੇਸ਼ ਕਾਵਿ

ਕੀਟ ਪਤੰਗ ਕੁਰੰਗ ਭੁਜੰਗਮ ਭੂਤ ਭਵਿਖ ਭਵਾਨ ਬਨਾਏ
ਦੇਵ ਅਦੇਵ ਖਪੇ ਅਹੰਮੇਵ ਨਾ ਭੇਵ ਲਖਿਓ ਭ੍ਰਮ ਸਿਉ ਭਰਮਾਏ।
ਬੇਦ ਪੁਰਾਨ ਕਤੇਬ ਕੁਰਾਨ ਹਸੇਬ ਥਕੇ ਕਰ ਹਾਥ ਨਾ ਆਏ।
ਪੂਰਨ ਪ੍ਰੇਮ ਪ੍ਰਭਾਉ ਬਿਨਾ ਪਤਿ ਸਿਉ ਕਿਨ ਸ੍ਰੀ ਪਦਮਾਪਤਿ ਪਾਏ
। ੩ ॥ ੨੪੫ ॥

... ...
... ...

ਨਾਰਦ ਸੇ ਚਤਰਾਨਨ ਸੇ ਰੁਮੇਨਾਰਿਖ ਸੇ ਸਭਹੂੰ ਮਿਲ ਗਾਇਓ।
ਬੇਦ ਕਤੇਬ ਨਾ ਭੇਦ ਲਖਿਓ ਸਭ ਹਾਰਿ ਪਰੇ ਹਰਿ ਹਾਥ ਨਾ ਆਇਓ।
ਪਾਇ ਸਕੈ ਨਹੀਂ ਪਾਰ ਉਮਾਪਤਿ ਸਿਧ ਸਨਾਥ ਸਨੰਤਨ ਧਿਆਇਓ।
ਧਿਆਨ ਧਰੋ ਤਿਹਕੋ ਮਨ ਮੈ ਜਿਹ ਕੋ ਅਮਿਤੋਜ ਸਭੈ ਜਗ ਛਾਇਓ
॥ ੮ ॥ ੨੫੦ **(ਅਕਾਲ ਉਸਤਤ)**

ਸੰਗੀਤ ਭੁਜੰਗ ਪ੍ਰਯਾਤ ਛੰਦ

ਕਾਗੜਦੰਗ ਕਾਤੀ ਕਟਾਰੀ ਕੜਾਕੰ।
ਤਾਗੜਦੰਗ ਤੀਰੰ ਤੁਪੱਕੰ ਤੜਾਕੰ।
ਝਾਗੜਦੰਗ ਨਾਗੜਦੰਗ ਬਾਗੜਦੰਗ ਬਾਜੇ।
ਗਾਗੜਦੰਗ ਗਾਜੀ ਮਹਾ ਗੱਜਗਾਜੇ। ੩੫। ੧੧੨ ॥
ਸਾਗੜਦੰਗ ਸੂਰੰ ਕਾਗੜਦੰਗ ਕੋਪੰ।
ਪਾਗੜਦੰਗ ਪਰਮੰ ਰਣੰ ਪਾਵਰੋਪੰ।
ਸਾਗੜਦੰਗ ਸਸਤ੍ਰੰ ਝਾਗੜਦੰਗ ਝਾਰੇਂ
ਬਾਗੜਦੰਗ ਬੀਰੰ ਡਾਗੜਦੰਗ ਡਕਾਰੇਂ ॥ ੩੬ ॥ ੧੧੩ ॥
(ਚੰਡੀ ਚਰਿਤ੍ਰ ਦੂਸਰਾ)

ਪਉੜੀ ॥ ਖੰਡਾ ਪ੍ਰਿਥਮੈ ਸਾਜਿ ਕੈ ਜਿਨਿ ਸਭ ਸੈਸਾਰੁ ਉਪਾਇਆ।
ਬ੍ਰਹਮਾ ਬਿਸਨੁ ਮਹੇਸ ਸਾਜਿ ਕੁਦਰਤੀ ਦਾ ਖੇਲੁ ਰਚਾਇ ਬਣਾਇਆ।
ਸਿੰਧੁ ਪਰਬਤ ਮੇਦਿਨੀ ਬਿਨੁ ਥੰਮਾ ਗਗਨੁ ਰਹਾਇਆ ॥
ਸਿਰਜੇ ਦਾਨੋ ਦੇਵਤੇ ਤਿਨ ਅੰਤਰਿ ਬਾਦੁ ਰਚਾਇਆ ॥
ਤੈਂਹੀ ਦੁਰਗਾ ਸਾਜਿਕੈ ਦੈਤਾ ਦਾ ਨਾਸੁ ਕਰਾਇਆ ॥

Sri Satguru Jagjit Singh Ji Elibrary NamdhariElibrary@gmail.com

ਤੈਥੋਂ ਹੀ ਬਲੁ ਰਾਮ ਲੈ ਨਾਲਿ ਬਾਣਾ ਦਹਸਿਰੁ ਘਾਇਆ ॥
ਤੈਥੋਂ ਹੀ ਬਲੁ ਕ੍ਰਿਸਨ ਲੈ ਕੰਸੁ ਕੇਸੀ ਪਕੜਿ ਗਿਰਾਇਆ।
ਬਡੇ ਬਡੇ ਮੁਨਿ ਦੇਵਤੇ ਕਈ ਜੁਗ ਤਿਨੀ ਤਨੁ ਤਾਇਆ
ਕਿਨੀ ਤੇਰਾ ਅੰਤ ਨ ਪਾਇਆ ॥

... ...

... ...

ਦੋਹਰਾ

ਰਾਕਸ ਆਏ ਰੋਹਲੇ ਖੇਤ ਭਿੜਨ ਕੇ ਚਾਇ
ਲਸਕਨ ਤੇਗਾਂ ਬਰਛੀਆਂ ਸੂਰਜੁ ਨਦਰਿ ਨ ਪਾਇ

ਪਉੜੀ

ਦੁਹਾਂ ਕੰਧਾਰਾਂ ਮੁਹ ਜੁੜੇ ਢੋਲ ਸੰਖ ਨਗਾਰੇ ਵੱਜੇ ॥
ਰਾਕਸ ਆਏ ਰੋਹਲੇ ਤਰਵਾਰੀ ਬਖਤਰ ਸੱਜੇ ।
ਜੁਟੇ ਸਉਹੇਂ ਜੁਧ ਨੂੰ ਇਕਿ ਜਾਤ ਨ ਜਾਣਨ ਭੱਜੇ ।
ਖੇਤ ਅੰਦਰਿ ਜੋਧੇ ਗੱਜੇ ॥ ੭॥

ਪਉੜੀ। ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ ।
ਝੂਲਨ ਨੇਜੇ ਬੈਰਕਾਂ ਨੀਸਾਣ ਲਸਨਿ ਲਸਾਵਲੇ ।
ਢੋਲ ਨਗਾਰੇ ਪਾਉਣ ਦੇ ਊਘਨ ਜਾਣ ਜਟਾਵਲੇ ।
ਦੁਰਗਾ ਦਾਨੋ ਡਹੇ ਰਣ ਨਾਦ ਵੱਜਨ ਖੇਤ ਭੀਹਾਵਲੇ।
ਬੀਰ ਪਰੋਤੇ ਬਰਛੀਏਂ ਜਣੁ ਡਾਲ ਚਮੁੱਟੇ ਆਵਲੇ ।
ਇਕਿ ਵੱਢੇ ਤੇਗੀਂ ਤੜਫਨ ਮਦ ਪੀਤੇ ਲੋਟਨਿ ਬਾਵਲੇ।
ਇਕਿ ਚੁਣਿ ਚੁਣਿ ਝਾੜਉ ਕਢੀਅਨ ਰੇਤ ਵਿਚੋਂ ਸੁਇਨਾ ਡਾਵਲੇ।
ਗਦਾ ਤ੍ਰਿਸੂਲਾਂ ਬਰਛੀਆਂ ਤੀਰ ਵਗਨ ਖਰੇ ਉਤਾਵਲੇ ।
ਜਣੁ ਡਸੇ ਭੁਜੰਗਮ ਸਾਵਲੇ । ਮਰ ਜਾਵਨ ਬੀਰ ਰੁਹਾਵਲੇ ॥ ੮ ॥

... ...

... ...

ਪਉੜੀ ॥ ਦੁਹਾਂ ਕੰਧਾਰਾਂ ਮੁਹਿ ਜੁੜੇ ਅਣੀਆਂ ਰੱਚੋਈਆਂ ।
ਧੂਹਿ ਕ੍ਰਿਪਾਣਾ ਤਿਖੀਆਂ ਨਾਲਿ ਲੋਹੂ ਧੋਈਆਂ
ਹੂਰਾਂ ਸ੍ਰਣਵਤ ਬੀਜ ਨੂੰ ਘਤਿ ਘੇਰਿ ਖਲੋਈਆਂ ॥
ਲਾੜਾ ਦੇਖਨ ਲਾੜੀਆਂ ਚਉਗਿਰਦੇ ਹੋਈਆਂ ॥ ੪੨ ॥

(ਚੰਡੀ ਦੀ ਵਾਰ)

Sri Satguru Jagjit Singh Ji Elibrary NamdhariElibrary@gmail.com

ਸੂਰਮਗਤੀ ਦੇ ਇਤਿਹਾਸ ਵਿਚ ਦੋ ਅਹਿਮ ਦਿਨ

—ਜਗਦੀਸ਼ ਸਿੰਘ

੧੭ ਅਤੇ ੧੮ ਜਨਵਰੀ ਸੂਰਬੀਰਤਾ ਦੇ ਇਤਿਹਾਸ ਵਿਚ ਵਿਸ਼ੇਸ਼ ਥਾਂ ਰਖਦੇ ਹਨ। ਅੱਜ ਤੋਂ ਇਕ ਸੋ ਸਤ ਸਾਲ ਪਹਿਲਾਂ ਇਹਨਾਂ ਦਿਨਾਂ ਵਿਚ ਮਾਲੇਰਕੋਟਲੇ ਦੇ ਲਾਗਲੇ ਰਕੜ ਵਿਚ ਨਾਮਧਾਰੀ ਸਿੰਘਾਂ ਨੇ ਆਪਣੀ ਤੱਤੀ ਰੱਤ ਡੋਲ੍ਹ ਕੇ, ਆਪਣੀਆਂ ਹਡੀਆਂ ਅਤੇ ਮਿਝ ਨੂੰ ਤੋਪਾਂ ਦਾ ਖਾਜਾ ਬਣਾਇਆ। ਪੂਰੇ ਦੋ ਦਿਨ ਲਖਾਂ ਲੋਕਾਂ ਦੀ ਸਹਿਮੀ ਹੋਈ ਭੀੜ ਸਾਹਮਣੇ ਪਟਿਆਲਾ, ਨਾਭਾ, ਤੇ ਜੀਂਦ ਰਿਆਸਤਾਂ ਦੀਆਂ ਤੋਪਾਂ ਦੇ ਅਗੇ ਵਰਾਉਂਦੇ ਗੋਲਿਆਂ ਸਾਹਮਣੇ . ਛਾਤੀਆਂ , ਡਾਹ ਕੇ ਜਿਥੇ .. ਉਨਾਂ ਅਸਹਿ ਜਬਰ ਦਾ ਮੁਕਾਬਲਾ ਕਰਦਿਆਂ ਅੰਗਰੇਜ਼ੀ ਸਾਮਰਾਜ ਨੂੰ ਚਣੌਤੀ ਦਿਤੀ ਉਥੇ ਸੂਰਮਗਤੀ ਦੇ ਇਤਿਹਾਸ ਵਿਚ ਅਦੁਤੀ ਵਾਧਾ ਕਰਦਿਆਂ ਨਵੀਂ ਪਿਰਤ ਪਾਈ।

ਇਸ ਤੋਂ ਇਲਾਵਾ ਇਹਨਾਂ ਹੀ ਦਿਨਾਂ ਵਿਚ ਅੰਗਰੇਜ਼ ਸਾਮਰਾਜ ਵਿਰੁਧ ਸੰਗਰਾਮਾਂ ਦੇ ਪ੍ਰਿਥਮ ਸੰਚਾਲਕ ਨਾ ਮਿਲ-ਵਰਤਨ ਅਤੇ ਸੁਦੇਸ਼ੀ ਲਹਿਰ ਦੇ ਸੂਤਰਧਾਰ, ਸਿਖੀ ਰਹੁ ਰੀਤ ਅਤੇ ਮਰਿਆਦਾ ਦੇ ਪੁਨਰ-ਸੰਸਥਾਪਕ ਸਤਿਗੁਰੂ ਰਾਮ ਸਿੰਘ ਜੀ ਨੂੰ ਚੋਟੀ ਦੇ ਕੂਕਾ ਨੇਤਾਵਾਂ ਨਾਲ ਬਗਾਵਤ ਦੇ ਦੋਸ਼ ਵਿਚ ਗ੍ਰਿਫਤਾਰ ਕਰਕੇ ਪੰਜਾਬ ਤੋਂ ਬਾਹਰ ਅਲਾਹਬਾਦ ਭੇਜਿਆ ਗਿਆ ਜਿਥੋਂ ਬਾਅਦ ਵਿਚ ਦੇਸ ਵਿਦੇਸ਼ ਦੀਆਂ ਵੱਖ ਵੱਖ ਥਾਵਾਂ ਵਿਚ ਜਲਾਵਤਨ ਜਾਂ ਜੇਲ੍ਹ ਬੰਦ ਕੀਤਾ ਗਿਆ।

ਸੰਨ ੧੮੭੨ ਦੀ ਲੋਹੜੀ ਨੂੰ ਜਦੋਂ ਲੋਕੀ ਘਰਾਂ ਵਿਚ ਅੱਗ ਬਾਲ ਕੇ ਸੇਕ ਰਹੇ ਸਨ ਅਤੇ ਉਸ ਅੱਗ ਵਿਚ ਮੱਕ, ਗੁੱੜ, ਤਿੱਲ, ਜੌਂ ਆਦਿਕ ਸੁਟ ਰਹੇ ਸਨ ਤਾਂ ਉਸ ਸਮੇਂ ਭੈਣੀ ਸਾਹਿਬ ਇਨਕਲਾਬ ਦੀ ਅੱਗ ਨਾਲ ਤਪਿਆ ਹੋਇਅ ਸੀ ਅਤੇ ਇਨਕਲਾਬੀ ਅੱਗਨੀ ਵਿਚ ਮਹਾਨ ਆਹੂਤੀਆਂ ਪਾਉਣ ਲਈ ਸੀਸ ਭੇਟ ਕਰਨ ਦੀਆਂ ਤਿਆਰੀਆਂ ਹੋ ਰਹੀਆਂ ਸਨ। ਮਾਘੀ ਵਾਲੇ ਦਿਨ ਚਾਲੀ ਮੁਕਤਿਆਂ ਦੀ ਸ਼ਹੀਦੀ ਨੂੰ ਯਾਦ ਕਰਨ ਦੇ ਨਾਲ ਨਾਲ ਅੰਮ੍ਰਿਤਸਰ ਰਾਇਕੋਟ ਅਤੇ ਲੁਧਿਆਣੇ ਸ਼ਹੀਦ ਹੋਣ ਵਾਲੇ ਸਿੰਘਾਂ ਦੀ ਕੀਰਤੀ ਵਿਚ ਗੀਤ ਗਾਏ ਜਾ ਰਹੇ ਸਨ। ਮਾਈ ਇੰਦ ਕੌਰ ਹੰਡਿਆਏ ਵਾਲੀ ਕੋਠੇ ਚੜ੍ਹ ਕੇ ਸ਼ਹੀਦੀ ਜਹਾਜ਼ ਤੇ ਚੜਨ ਲਈ ਸੱਦਾ ਦੇ ਰਹੀ ਸੀ ਅਤ ਸਰਦਾਰ ਹੀਰਾ ਸਿੰਘ ਸਕਰੌਦੀ ਵਾਲਾ ਸ਼ਹੀਦੀ ਜਥੇ ਦੇ ਸਰਦਾਰ ਵਜੋਂ ਜ਼ਮੀਨ ਤੇ ਲਕੀਰ ਖਿਚ ਕੇ ਸੀਸ ਭੇਟ ਜਥੇ ਵਿਚ ਸ਼ਾਮਲ ਹੋਣ ਵਾਲਿਆਂ ਨੂੰ ਲੀਕੋਂ ਪਾਰ ਹੋਣ ਲਈ ਵੰਗਾਰ ਰਿਹਾ ਸੀ। ਇਸ ਦਿਨ ਤੋਂ ਲੈ ਕੇ ਪੂਰਾ ਹਫਤਾ ਹੀ ਵਾਯੂ ਮੰਡਲ ਦੇਸ਼ ਧਰਮ ਲਈ ਮਰ ਮਿਟਣ ਵਾਲਿਆਂ ਦੀ ਦਲੇਰੀ, ਕੁਰਬਾਨੀ ਅਤੇ ਜਜ਼ਬੇ ਦੀ ਸ਼ਿਦਤ ਨਾਲ ਬਿਜਲਾਇਆ ਪਿਆ ਸੀ। ਭੈਣੀ ਸਾਹਿਬ ਤੋਂ ਤੁਰ ਕੇ ਮਲੌਦ ਅਤੇ ਮਾਲੇਰਕੋਟ ਦੇ ਵਿਚ ਹੋਈਆਂ ਝੜਪਾਂ, ਲੜਾਈਆਂ ਅਤੇ ਸ਼ਹੀਦੀ ਇਤਿਹਾਸ ਤੋਂ ਲੋਕ ਚੰਗੀ ਤਰ੍ਹਾਂ ਜਾਣੂ ਹਨ। ਇਸ ਸਾਰੀ ਕਾਰਵਾਈ ਵਿਚ ਮਲੌਦੋਂ ਵਿਖੇ ਦੋ ਨਾਮਧਾਰੀ ਸਿੰਘ ਸ਼ਹੀਦ ਹੋਏ, ਸੱਤ ਮਾਲੇਰਕੋਟਲੇ ਰਿਆਸਤ ਦੀ ਪੁਲਿਸ ਨਾਲ ਲੜਾਈ ਵਿਚ ਥਾਂ ਰਹੇ, ਇਕ ਜ਼ਖਮੀ ਹਾਲਤ 'ਚ ਚੜ੍ਹਾਈ ਕਰ ਗਿਆ, ੧੭ ਜਨਵਰੀ ਨੂੰ ੪੯ ਸਿੰਘ ਤੋਪਾਂ ਸਾਹਮਣੇ ਸ਼ਹੀਦ ਹੋਏ ਅਤੇ ਇਕ ਬਾਲਕ ਤਲਵਾਰ ਨਾਲ ਕਟਿਆ ਗਿਆ, ੧੮ ਜਨਵਰੀ ਨੂੰ ਹੋਰ ੧੬ ਸਿੰਘ ਮਾਲੇਰਕੋਟਲੇ ਤੋਪਾਂ ਸਾਹਮਣੇ ਸ਼ਹੀਦ ਹੋਏ। ਇੱਕ ਵਰਿਆਮ ਸਿੰਘ ਨਾਮੀ ਸਿੰਘ ਨੂੰ ਜਦ ਉਹਦੇ

Sri Satguru Jagjit Singh Ji Elibrary NamdhariElibrary@gmail.com

ਕੱਦ ਛੋਟੇ ਹੋਣ ਦਾ ਬਹਾਨਾ ਬਣਾਕੇ ਛੱਡਿਆ ਜਾਣ ਲਗਾ ਤਾਂ ਉਸ ਰਕੜ ਵਿਚੋਂ ਦੇਮਾਂ ਇਕਠੀਆਂ ਕਰ ਕੇ ਪੜੁਲ ਬਣਾ-ਇਆ ਅਤੇ ਉਸ ਤੇ ਖਲੋ ਕੇ ਤੋਪ ਦਾ ਹਾਣੀ ਬਣਿਆ। ਇਕ ਹੋਰ ਯੁਵਕ ਬਿਸ਼ਨ ਸਿੰਘ ਨੇ ਖ਼ੂਨੀ ਕਾਰਵਾਈ ਦੇ ਇੰਚਾਰਜ ਅੰਗਰੇਜ਼ ਡੀ. ਸੀ. ਕਾਵਨ ਦੀ ਲੰਬੀ ਦਾੜੀ ਨੂੰ ਹੱਥ ਪਾ ਕੇ ਜਦੋਂ ਝਟਕੇ ਦਿਤੇ ਤਾਂ ਉਸ ਨੂੰ ਤਲਵਾਰ ਨਾਲ ਕੱਟ ਕੇ ਹੀ ਕਾਵਨ ਨੂੰ ਬਚਾਇਆ ਗਿਆ। ਇਸ ਸਾਕੇ ਦੀ ਖਬਰ ਦੇ ਸਬੰਧ ਵਿਚ ਕਲਕਤੇ ਤੋਂ ਨਿਕਲਣ ਵਾਲੇ ਅੰਗਰੇਜ਼ੀ ਅਖਬਾਰ "ਦੀ ਇੰਗਲਿਸ਼ ਮੈਨ" ਨੇ ੩੧ ਜਨਵਰੀ ੧੮੭੨ ਨੂੰ ਇੰਜ ਲਿਖਿਆ ਸੀ।

"ਕੂਕਿਆਂ ਦੇ ਮਾਲੇਰਕੋਟਲੇ ਵਿਖੇ ਸ਼ਹਾਦਤ ਦੇ ਸਮੇਂ ਉਥੇ ਦੇਸ਼ ਵਾਸੀਆਂ ਦੀ ਇਕ ਤਗੜੀ ਭੀੜ ਇਸ ਭਿਆਨਕ ਸਾਕੇ ਨੂੰ ਵੇਖਣ ਲਈ ਇਕਠੀ ਹੋ ਗਈ ਅਤੇ ਸਾਨੂੰ ਦੇਸੀ ਸੂਤਰਾਂ ਤੋਂ ਪਤਾ ਲਗਾ ਹੈ ਕਿ ਇਸ ਦਾ ਸਾਰੀ ਖਲਕਤ ਤੇ ਬਹੁਤ ਅਸਰ ਪਿਆ।

ਨੌ ਤੋਪਾਂ ਪੁਜ਼ੀਸ਼ਨ ਵਿਚ ਰਖੀਆਂ ਗਈਆਂ ਸਨ ਜਿਨ੍ਹਾਂ ਵਿਚੋਂ ਸੱਤ ਮੌਤ ਦੇ ਕਾਰੇ ਵਾਸਤੇ ਸਨ ਜੱਦ ਕਿ ਦੋ ਰਾਖੀ ਲਈ ਸਨ। ਪਿਆਦਾ ਫੌਜ ਦੀਆਂ ਛੇ ਕੰਪਨੀਆਂ ਅਤੇ ਚਾਰ ਸੌ ਘੋੜ ਸਵਾਰ ਮੈਦਾਨ ਦੀ ਰਾਖੀ ਕਰ ਰਹੇ ਸਨ। ਦਰਸ਼ਕਾਂ ਵਿਚ ਹਜ਼ਾਰਾਂ ਔਰਤਾਂ ਤੋਂ ਇਲਾਵਾ ਮਲੇਰ ਕੋਟਲਾ ਅਤੇ ਆਲੇ ਦੁਆਲੇ ਦੇ ਨਗਰਾਂ ਅਤੇ ਪਿੰਡਾਂ ਦੀ ਸਾਰੀ ਮਰਦਾਨਾ ਆਬਾਦੀ ਸੀ ਉਹਨਾਂ ਜਿਹੜਾ ਨਜ਼ਾਰਾ ਵੇਖਿਆ ਉਸ ਨੂੰ ਜਦੋਂ ਵੀ ਯਾਦ ਕਰਣਗੇ ਡਰ ਭਾਓ ਨਾਲ ਕਰਨਗੇ......"

ਮਾਲੇਰਕੋਟਲੇ ਵਿਚ ਵਾਪਰਣ ਵਾਲਾ ਨਰਸਿੰਘਾਰ ਦਾ ਇਹ ਭਿਆਨਕ ਸਾਕਾ ਇਸ ਤੋਂ ਪਹਿਲਾਂ ਅੰਮ੍ਰਿਤਸਰ ਰਾਇ-ਕੋਟ ਆਦਿ ਥਾਵਾਂ ਤੇ ਹੋਏ ਸ਼ਹੀਦੀ ਸਾਕਿਆਂ ਅਤੇ ਫਾਂਸੀ ਸਮਾਗਮਾਂ ਦਾ ਸਿਖਰ ਸੀ। ਉਪਰੀ ਨਜ਼ਰੀਂ ਵੇਖਿਆਂ ਭਾਵੇਂ ਇਹ ਸਾਕੇ ਪੰਜਾਬ ਵਿਚ ਸ਼ੁਰੂ ਹੋਈ ਨਵੀਂ ਨਵੀਂ ਗਊ ਕਸ਼ੀ, ਦੀ ਸਮਸਿਆਂ ਅਤੇ ਉਸ ਦੇ ਫਲ ਸਰੂਪ ਨਾਮਧਾਰੀ ਸਿੰਘਾਂ ਵਲੋਂ ਬੁਚੜ ਬੱਧ ਦੀਆਂ ਕਾਰਵਾਈਆਂ ਦੇ ਸਿੱਟੇ ਵਜੋਂ ਵਾਪਰੇ ਜਾਪਦੇ ਹਨ ਪਰ ਇਹਨਾਂ ਦਾ ਮੂਲ ਕਾਰਨ ਅੰਗਰੇਜ਼ੀ ਸਰਕਾਰ ਵਿਰੁਧ ਸਤਿਗੁਰੂ ਰਾਮ ਸਿੰਘ ਜੀ ਵਲੋਂ ਚਲਾਈ ਜਾ ਰਹੀ ਪ੍ਰਚਾਰ ਮੁਹਿੰਮ ਦੀ ਲੋਕ ਪ੍ਰਿਅਤਾ ਸੀ। ਕਿਉਂਕਿ ਇਸ ਪਰਚਾਰ ਮੁਹਿੰਮ ਦੇ ਸਿਟੇ ਵਜੋਂ ਥਲੇ ਤੋਂ ਲੈ ਕੇ ਗਵਰਨਰ ਜਨਰਲ ਦੇ ਅਹੁਦੇ ਤੱਕ ਸਭ ਅੰਗਰੇਜ਼ ਅਧਿਕਾਰੀ ਭੈ-ਭੀਤ ਸਨ ਇਸ ਲਈ ਸਭ ਵਿਧਾਨ ਅਤੇ ਕਾਨੂੰਨ ਛਿਕੇ ਟੰਗ ਕੇ ਨਾਮਧਾਰੀਆਂ ਉਤੇ ਦਮਨ ਚੱਕਰਾਂ ਦੀ ਝੜੀ ਲਾਉਣ ਲਈ, ਆਜ਼ਾਦੀ ਅੰਦੋਲਣ ਨੂੰ ਬੁਰੀ ਤਰਾਂ ਕੁਚਲਣ ਲਈ ਹਕੂਮਤ ਨੇ ਇਹਨਾਂ ਵਾਰਦਾਤਾਂ ਨੂੰ ਬਹਾਨਾ ਬਣਾਇਆ। ਜੇ ਬੁਚੜ ਬਧ ਵਾਲੇ ਇਹ ਸਾਕੇ ਨਾ ਭੀ ਹੁੰਦੇ ਤਾਂ ਕੋਈ ਹੋਰ ਬਹਾਨਾ ਲਭਿਆ ਜਾਣਾ ਸੀ, ਇਹ ਸਾਡਾ ਮਤ ਹੈ। ਅਸਲ ਗਲ ਜੱਥੇ ਦੇ ਸਰਦਾਰ ਹੀਰਾ ਸਿੰਘ ਅਤੇ ਖੂਨੀ ਕਾਂਡ ਦੇ ਕਮਾਂਡਰ ਮਿਸਟਰ ਕਾਵਨ ਡੀ. ਸੀ. ਵਿਚਾਲੇ ਹੋਈ ਵਾਰਤਾਲਾਪ ਵਿਚੋਂ ਲੱਭਦੀ ਹੈ ਜਿਸ ਦਾ ਜ਼ਿਕਰ ਅਣ-ਛਪੀ ਪੁਸਤਕ ਸਤਿਗੁਰ ਬਿਲਾਸ ਦੇ ਕਰਤਾ ਨੇ ਇਵੇਂ ਕੀਤਾ ਹੈ।

"......ਬਿੱਲੇ ਨੇ ਹੀਰਾ ਸਿੰਘ ਸੇ ਪੁਛਿਆ, ਤੁਮਨੇ ਕਿਉਂ ਗਦਰ ਬਚਾਇਆ ਹੈ, ਹੀਰਾ ਸਿੰਘ ਨੇ ਕਿਹਾ, ਅਸੀਂ ਫਰੰਗੀਆਂ ਦਾ ਰਾਜ ਨਹੀਂ ਚਾਹੁੰਦੇ, ਆਪਣੇ ਭਰਾਵਾਂ ਦਾ ਰਾਜ ਚਾਹੁੰਦੇ ਹਾਂ। ਜਦ ਤੱਕ ਥੋੜਾ ਰਾਜ ਨਹੀਂ ਮੁਕਦਾ, ਗਦਰ ਮਚਾਵਾਂਗੇ। ਸਿਰ ਲਵਾਂਗੇ ਤੇ ਦੇਵਾਂਗੇ, ਥੁਆਨੂੰ ਏਥੋਂ ਕੱਢ ਕੇ ਸਾਹ ਲਵਾਂਗੇ, ਮੁੜ ਮੁੜ ਜਮਾਂਗੇ ਤੇ ਤੁਹਾਨੂੰ ਮਾਰਾਂਗੇ। ਤੁਸੀਂ ਗਊ ਬਧ ਕਰਦੇ ਹੋ ਅਸੀਂ ਗਊ ਬਧ ਨਹੀਂ ਸਹਾਰ ਸਕਦੇ ਹੈਂ। ਬਿਲਾ ਬੋਲਿਆ ਹਮ ਜਾਣਤੇ ਹੈਂ, ਤੁਮ ਨੇ ਰਾਜ ਕੇ ਲੀਏ ਗਦਰ ਮਚਾਇਆ। ਪਰ ਰਾਜ ਸਾਨੂੰ ਖੁਦਾ ਕਾ ਦੀਆ ਹੋਇਆ ਹੈ। ਸਾਥੋਂ ਐਵੇਂ ਨਹੀਂ ਖੋਹਿਆ ਜਾ ਸਕਦਾ।

ਨਿਰਸੰਦੇਹ ਨਾਮਧਾਰੀ ਸ਼ਹੀਦਾਂ ਦੇ ਕਾਰਨਾਮਿਆਂ ਨੇ ਕੌਮ ਵਿਚ ਨਵੀਂ ਰੂਹ ਫੂਕੀ। ਸਭ ਦੇਸ਼ ਵਾਸੀਆਂ, ਸਰਕਾਰਾਂ ਅਤੇ ਸੰਸਥਾਵਾਂ ਦਾ ਫਰਜ਼ ਬਣਦਾ ਹੈ ਕਿ ਸ਼ਹੀਦਾਂ ਦੀ ਦੇਣ ਨੂੰ ਦਰਸਾਉਣ ਵਾਲੇ ਇਹਨਾਂ ਦੋ ਦਿਨਾਂ ਦੀ ਮਹੱਤਤਾ ਨੂੰ ਉਜਾਗਰ ਕਰੀਏ ਅਤੇ ਉਹਨਾਂ ਸ਼ਹੀਦਾਂ ਦੀ ਯਾਦ ਨੂੰ ਢੁਕਵਾਂ ਆਦਰ ਸਤਿਕਾਰ ਦੇਈਏ ਤਾਂ ਜੋ ਦੇਸ਼ ਤੋਂ ਮਰ ਮਿਟਣ ਵਾਲਿਆਂ ਦੇ ਕਾਰਨਾਮਿਆਂ ਤੋਂ ਅਗਲੀਆਂ ਪੀੜ੍ਹੀਆਂ ਚਾਨਣ ਅਤੇ ਪ੍ਰੇਰਨਾ ਲੈਂਦੀਆਂ ਰਹਿਣ।

●

Sri Satguru Jagjit Singh Ji Elibrary NamdhariElibrary@gmail.com

ਗੁਰੂ ਗੋਬਿੰਦ ਸਿੰਘ ਜੀ ਦਾ ਸਾਹਿਤ ਪਰੇਮ

—ਕੁਲਦੀਪ ਸਿੰਘ ਹਉਰਾ

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਬਹੁਪਖੀ ਹੈ। ਉਹ ਅਨੁਭਵੀ ਕਲਾਵਾਨ ਅਤੇ ਇਕੋ ਸਮੇਂ ਦਿਬ ਦ੍ਰਿਸ਼ਟੀ ਵਾਲੇ, ਫਿਲਾਸਫਰ, ਸਮਾਜਕ ਆਗੂ, ਧਾਰਮਕ ਨੇਤਾ, ਸੂਰਮੇ, ਦੇਸ਼ ਭਗਤ, ਉਸਰਈਏ, ਫੌਜੀ ਜਰਨੈਲ, ਨਿਰਮਾਤਾ ਹੁੰਦੇ ਹੋਏ ਮਨੁਖਤਾ ਦੇ ਸੇਵਕ, ਇਕ ਮਹਾਨ ਵਿਦਵਾਨ, ਲਿਖਾਰੀ ਅਤੇ ਕਵੀ ਵੀ ਸਨ।

ਉਨ੍ਹਾਂ ਨੇ ਆਪਣੀ ਜੀਵਨ ਕਥਾ ਬਿਆਨ ਕਰਦਿਆਂ ਬਚਿਤਰ ਨਾਟਕ 'ਚ ਇਕ ਸੰਕੇਤ ਦਿੱਤਾ ਹੈ ਜਿਸ ਤੋਂ ਪਤਾ ਲਗ ਜਾਂਦਾ ਹੈ ਕਿ ਉਨ੍ਹਾਂ ਨੇ ਬਚਪਨ ਵਿਚ ਹੀ ਕਈ ਪ੍ਰਕਾਰ ਦੀ ਸਿਖਿਆ ਪ੍ਰਾਪਤ ਕਰ ਲਈ ਸੀ। "ਦੀਨੀ ਭਾਂਤ ਭਾਂਤ ਕੀ ਸਿਛਾ" ਪਟਨੇ ਨਿਵਾਸ ਸਮੇਂ ਉਨ੍ਹਾਂ ਹਿੰਦੀ ਤੇ ਸੰਸਕ੍ਰਿਤ ਸਿਖ ਲਈ ਸੀ। ਪੰਜਾਬੀ ਤੇ ਫਾਰਸੀ ਉਨ੍ਹਾਂ ਅਨੰਦਪੁਰ ਆ ਕੇ ਪੜ੍ਹੀ। ਸ਼ਾਇਰਾਨਾ ਤਬੀਅਤ ਅਤੇ ਸਾਹਿਤਕ ਰੁਚੀਆਂ ਹੋਣ ਕਰਕੇ ਉਨ੍ਹਾਂ ਨੇ ਉਚ ਪਾਏ ਦਾ ਸਾਹਿਤ ਰਚਿਆ। ਹਿੰਦੀ ਕਵਿਤਾਂ ਨੇ ਉਨ੍ਹਾਂ ਦੇ ਹੱਥਾਂ ਵਿਚ ਨਵੀਆਂ ਸਿਖਰਾਂ ਛੋਹੀਆਂ। ਉਹਨਾਂ ਦੇ ਦਿਲ ਵਿਚ ਉਤਸ਼ਾਹ, ਮੱਨੁਖਤਾ ਲਈ ਪਿਆਰ ਤੇ ਸਹਾਨਭੂਤੀ ਸੀ। ਬੋਲੀ ਤੇ ਕਾਬੂ ਅਤੇ ਸੁਚੱਜੀ ਸ਼ੈਲੀ ਕਾਰਨ ਉਨ੍ਹਾਂ ਦੀ ਰਚਨਾ ਬਹੁਤ ਪ੍ਰਭਾਵਸ਼ਾਲੀ ਹੁੰਦੀ ਸੀ। ਉਨ੍ਹਾਂ ਨੇ ਭੁਜੰਗ, ਰਸਾਵਲ ਦੋਹਰਾ, ਤ੍ਰਿਭੰਗੀ, ਸਵੱਯਾ ਅਤੇ ਚੌਪਈ ਛੰਦਾਂ ਦੀ ਵਰਤੋਂ ਬੜੇ ਕਮਾਲ ਢੰਗ ਨਾਲ ਕੀਤੀ ਹੈ। ਮਹਾਨ ਵਿਦਵਾਨ ਹੋਣ ਕਰਕੇ ਉਨ੍ਹਾਂ ਦੀਆਂ ਲਿਖਤਾਂ ਦਾ ਘੇਰਾ ਬੜਾ ਵਿਸ਼ਾਲ ਹੁੰਦਾ ਸੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕਹਿਣ ਕਾਰਨ ਉਸਦਾ ਅਸਰ ਮਨੁੱਖੀ ਮਨ ਤੇ ਡੂੰਘਾ ਹੁੰਦਾ ਸੀ। ਦਿਲ ਤੇ ਦਿਮਾਗ ਦੀਆਂ ਦੁਰਲਭ ਵਿਸ਼ੇਸ਼ਤਾਈਆਂ ਕਾਰਨ ਉਹ ਇਕ ਬੜੇ ਬਲਵਾਨ ਲਿਖਾਰੀ ਸਨ। ਉਨ੍ਹਾਂ ਦਾ ਨਿਸ਼ਾਨਾ ਬੜਾ ਉੱਚਾ ਸੋਚਣੀ ਬੜੀ ਨਿਗੱਰ, ਤੇ ਤਜਰਬਾ ਵਿਸ਼ਾਲ ਸੀ। ਉਹ ਸੰਸਕ੍ਰਿਤ, ਫਾਰਸੀ, ਉਰਦੂ, ਅਰਬੀ, ਹਿੰਦੀ ਅਤੇ ਪੰਜਾਬੀ ਦੇ ਚੰਗੇ ਜਾਣੂ ਹੋਣ ਕਰਕੇ ਆਪਣੇ ਵਿਚਾਰਾਂ ਨੂੰ ਨਿਰਸੰਕੋਚ ਬਿਆਨ ਕਰ ਸਕਦੇ ਸਨ ਤੇ ਉਨ੍ਹਾਂ ਨੂੰ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਬੋਲੀ ਦੇ ਪਖੋਂ ਕਦੇ ਵੀ ਔਕੜ ਨਹੀਂ ਸੀ ਭਾਸਦੀ। ਉਨ੍ਹਾਂ ਦੇ ਦਿਲ ਦੀ ਚਾਹ ਸੀ ਕਿ ਉਨ੍ਹਾਂ ਦੇ ਸਿੱਖ ਵੀ ਸਾਰੀਆਂ ਬੋਲੀਆਂ ਦੇ ਗਿਆਤਾ ਹੋਣ। ਉਨ੍ਹਾਂ ਦੇ ਦਿਲ ਵਿਚ ਸੰਸਕ੍ਰਿਤ ਤੋਂ ਘਿਰਣਾ ਬਿਲਕੁਲ ਨਹੀਂ ਸੀ। ਉਹ ਬੜੇ ਵਿਸ਼ਾਲ ਹਿਰਦੇ ਦੇ ਮਾਲਕ ਸਨ। ਉਹ ਜੋ ਕੁਝ ਕਹਿਣਾ ਚਾਹੁੰਦੇ ਸਨ, ਬਗੈਰ ਕਿਸੇ ਲਗ ਲਬੇੜ ਦੇ ਬਿਨਾਂ ਕਿਸੇ ਝਿਜਕ ਜਾਂ ਖੌਫ ਦੇ ਕਹਿੰਦੇ ਸਨ। ਉਹ ਸਮਝਦੇ ਸਨ ਕਿ ਨਵ-ਨਿਰਮਾਣ ਤੇ ਕੌਮੀ ਉਸਾਰੀ ਲਈ ਇਹ ਬਹੁਤ ਅਵਸ਼ਕ ਹੈ ਕਿ ਉਨ੍ਹਾ ਦੇ ਪਿੱਛ-ਲਗ ਧਰਮ, ਬੋਲੀ ਅਤੇ ਹੋਰ ਪੱਖਾਂ ਤੋਂ ਦਿਲ ਦੇ ਵਿਸ਼ਾਲ ਰਹਿਣ ਤੇ ਉਨ੍ਹਾਂ ਦੀ ਸੋਚਣੀ ਬੜੀ ਅਰੋਗ ਤੇ ਅਫਿਰਕੂ ਹੋਵੇ। ਉਸ ਸਮਝਦੇ ਸਨ ਕਿ ਸਭ ਪੁਰਾਣੇ, ਬੋਸੀਦਾ ਵਿਚਾਰ ਤੇ ਵਹਿਮ ਭਰਮ ਆਦਿ ਇਸੇ ਲਈ ਹਨ ਕਿ ਆਮ ਲੋਕ ਅਨਪੜ੍ਹ ਤੇ ਪਿਛਾਂਹ ਖਿਛੂ ਹਨ, ਉਹਨਾਂ ਦਾ ਪੱਕਾ ਵਿਸ਼ਵਾਸ ਸੀ ਕਿ ਨਰੋਆ ਸਾਹਿਤ ਮਨੁੱਖ ਦੇ ਆਮ ਜੀਵਨ ਵਿਚ ਅਗਵਾਈ ਕਰਦਾ ਹੈ। ਉਸਦੀ ਪ੍ਰਗਤੀ ਵਿਚ ਪਥ-ਪ੍ਰਦਰਸ਼ਕ ਹੁੰਦਾ ਹੈ। ਇਸੇ ਲਈ ਉਨ੍ਹਾਂ ਨੇ ਆਪ ਸਾਹਿਤ ਰਚਨਾ ਕੀਤੀ, ਤੇ ਉਨ੍ਹਾਂ ਲੋਕਾਂ ਦੀ ਮਾਇਕ ਸਹਾਇਤਾ ਕਰਕੇ ਉਨ੍ਹਾਂ ਨੂੰ ਸਨਮਾਨਿਆਂ ਜੋ ਆਪਣੇ ਹੁਨਰ ਦੇ ਪ੍ਰਗਟਾਵੇ ਲਈ ਉਨ੍ਹਾਂ ਪਾਸ ਆਏ। ਇਸ ਦੀ ਗਵਾਹੀ ਕਵੀ ਹੰਸ ਦੀ ਲਿਖਤ ਵਿਚੋਂ ਮਿਲਦੀ ਹੈ। ਉਹ ਲਿਖਦਾ ਹੈ "ਮਹਾਂਭਾਰਤ ਦੇ ਇਕ ਭਾਗ ਦੇ ਅਨੁਵਾਦ ਦੇ ਉਹਨੂੰ ਗੁਰੂ ਜੀ ਤੋਂ ਸੱਠ ਹਜ਼ਾਰ ਟਕੇ ਪ੍ਰਾਪਤ ਹੋਏ।" ਬਵੰਜਾ ਕਵੀ ਗੁਰੂ ਸਾਹਿਬ ਦੇ ਦਰਬਾਰ ਵਿਚ ਪੱਕੇ ਤੌਰ ਤੇ ਰਹਿੰਦੇ ਸਨ। ਉਨ੍ਹਾਂ ਨੇ ਅੱਡ ਅੱਡ ਵਿਸ਼ਿਆਂ ਤੇ ਨੌਂ ਹੀ ਰਸਾਂ ਵਿਚ ਕਵਿਤਾ ਕਹੀ। ਵਿਸ਼ੇ ਵਸਤੂ ਅਤੇ ਰੂਪਕ ਪੱਖ ਤੋਂ ਰਚਨਾਵਾਂ ਇਕ ਦੂਜੀ ਤੋਂ ਅੱਡ ਅੱਡ ਹੋਣ ਦੇ ਬਾਵਜੂਦ ਸੰਪੂਰਨ ਤੇ ਮਹਾਨ ਸਨ। ਇਨ੍ਹਾਂ ਕਵੀਆਂ ਨੇ ਜੋ ਸਮੁੱਚਾ ਸਾਹਿਤ ਰਚਿਆ, ਉਸ ਦਾ ਵਿਵਰਨ "ਵਿਦਿਆ ਸਾਗਰ" ਨਾਮਕ ਪੁਸਤਕ ਵਿਚ ਸੀ ਜਿਸ ਦਾ ਭਾਰ ਨੌਂ ਮਣ ਕਿਹਾ ਜਾਂਦਾ ਹੈ।

ਗੁਰੂ ਜੀ ਨੇ ਸਿੱਖਾਂ ਨੂੰ ਸੰਸਕ੍ਰਿਤ ਪੜ੍ਹਾਉਣ ਲਈ ਇਕ ਮਹਾਨ ਵਿਦਵਾਨ ਪੰਡਤ ਰਘੁਨਾਥ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਗੁਰੂ ਜੀ ਦਾ ਇਰਾਦਾ ਸਿੱਖਾਂ ਨੂੰ ਸੰਤ ਸਿਪਾਹੀ

Sri Satguru Jagjit Singh Ji Elibrary NamdhariElibrary@gmail.com

ਬਨਾਉਂਣ ਦੇ ਨਾਲ ਨਾਲ ਕਲਾਕਾਰ ਬਨਾਉਂਣਾ ਵੀ ਸੀ। ਪੰਡਤ ਰਘੂਨਾਥ ਨੇ ਜਦੋਂ ਵੇਖਿਆ ਕਿ ਗੁਰੂ ਜੀ ਦੇ ਦਰਬਾਰ ਵਿਚ ਅਸਲੀ ਭਾਵ-ਆਤਮਕ ਏਕਤਾ ਹੈ ਤੇ ਇਥੇ ਸਭ ਧਰਮਾਂ, ਜਾਤਾਂ ਦੇ ਲੋਕ ਸਮਾਨ ਸਮਝੇ ਜਾਂਦੇ ਹਨ ਤਾਂ ਉਸ ਧਾਰਮਕ ਗ੍ਰੰਥਾਂ ਨੂੰ ਅਖਾਉਤੀ ਨੀਵੀਆਂ ਜਾਤੀਆਂ ਨੂੰ ਪੜ੍ਹਾਉਂਣ ਤੋਂ ਅਸਮਰਥਾ ਪ੍ਰਗਟ ਕੀਤੀ। ਤਾਂ ਗੁਰੂ ਜੀ ਨੇ ਭਾਈ ਬੀਰ ਸਿੰਘ, ਭਾਈ ਕਰਮ ਸਿੰਘ, ਭਾਈ ਸੈਨਾ ਸਿੰਘ, ਭਾਈ ਗੰਡਾ ਸਿੰਘ ਤੇ ਭਾਈ ਰਾਮ ਸਿੰਘ ਨੂੰ ਖਾਸ ਤੌਰ ਤੇ ਸੰਸਕ੍ਰਿਤ ਦੀ ਵਿਦਿਆ ਪ੍ਰਾਪਤ ਕਰਨ ਲਈ ਬਨਾਰਸ ਭੇਜਿਆ। ਉਹ ਸਤ ਸਾਲ ਤੱਕ ਬਨਾਰਸ ਰਹੇ ਤੇ ਚੰਗੀ ਤਰ੍ਹਾਂ ਸੰਸਕ੍ਰਿਤ ਦੇ ਪੰਡਤ ਬਣਕੇ ਪਰਤੇ। ਇਨ੍ਹਾਂ ਨੂੰ ਨਿਰਮਲੇ (ਪਵਿੱਤਰ) ਆਖਿਆ ਗਿਆ। ਗੁਰੂ ਜੀ ਨੇ ਕੌਮੀਅਤ ਦੇ ਵਿਕਾਸ ਲਈ ਚੰਗੇਰੀ ਵਿਦਿਆ ਦਾ ਹੋਣਾ ਜ਼ਰੂਰੀ ਖਿਆਲ ਕੀਤਾ। ਉਨ੍ਹਾਂ ਨੇ ਆਪਣੇ ਸਿੱਖਾਂ ਵਿਚ ਵਿਦਿਆਂ ਰਾਹੀਂ ਮਨੁੱਖਤਾ ਦਾ ਸੰਚਾਰ ਕਰਨਾ ਚਾਹਿਆ। ਚੋਣਵੀਆਂ ਸੰਸਕ੍ਰਿਤ ਪੁਸਤਕਾਂ, ਪੁਰਾਤਨ ਸਾਹਿਤ ਅਤੇ ਮਹਾਂ ਕਾਵਿ ਜਿਨ੍ਹਾਂ ਵਿਚ ਮਹਾਂਭਾਰਤ, ਰਮਾਇਣ ਤੇ ਪੁਰਾਨ ਆਦਿ ਦੇ ਬਹਾਦਰੀ ਕਾਂਡ ਸ਼ਾਮਲ ਸਨ, ਦੇ ਅਨੁਵਾਦ ਗੁਰੂ ਜੀ ਨੇ ਆਪ ਕੀਤੇ ਤੇ ਕਰਵਾਏ, ਤਾਂ ਕਿ ਉਨ੍ਹਾਂ ਨੂੰ ਪੜ੍ਹ ਕੇ ਸਿੱਖ ਸੰਗਤਾਂ ਅੰਦਰ ਸੂਰਮਗਤੀ ਦੇ ਅਹਿਸਾਸ ਜਾਗ ਪੈਣ। ਉਨ੍ਹਾਂ ਪਾਸ ਅਜਿਹੇ ਕਵੀ ਤੇ ਕਲਾਕਾਰ ਮੌਜੂਦ ਸਨ ਜੋ ਸਮੇਂ ਦੀਆਂ ਕੁਰੀਤੀਆਂ ਦਾ ਬਿਆਨ ਡੱਟ ਕੇ ਬਿਨਾਂ ਕ੍ਰਿਸੇ ਡਰ ਭਾਉ ਦੇ ਕਰਦੇ ਸਨ। ਉਨ੍ਹਾਂ ਨੇ ਦਾਰਸ਼ਨਿਕ ਵਿਦਿਆ ਤੇ ਹੋਰ ਧਰਮਾਂ ਦੇ ਅਧਿਐਨ ਲਈ ਗੁਰੂ ਕੀ ਕਾਸ਼ੀ (ਦਮਦਮਾ ਸਾਹਿਬ) ਵਿਚ ਕੇਂਦਰ ਖੋਹਲ ਦਿੱਤਾ।

ਜਿਥੇ ਗੁਰੂ ਜੀ ਦੀਆਂ ਰਚਨਾਵਾਂ ਵਿਚੋਂ ਸਾਨੂੰ ਸਮਾਜਕ, ਰਾਜਸੀ, ਧਾਰਮਕ ਜਾਂ ਸਾਹਿਤਕ ਬੁਰਾਈਆਂ ਦੇ ਖਿਲਾਫ ਤਗੜੀ ਆਵਾਜ਼ ਉਠਾਈ ਮਿਲਦੀ ਹੈ। ਉਥੇ ਉਨ੍ਹਾਂ ਦੀਆ ਲਿਖਤਾਂ ਮਨੁੱਖੀ ਜਜ਼ਬਿਆਂ ਤੇ ਸਚਾਈ ਲਈ ਡੂੰਘੇ ਪਿਆਰ, ਸੇਵਾ ਤੇ ਸਵਾਧੀਨਤਾ ਤੇ ਵੀ ਚਾਨਣ ਪਾਉਂਦੀਆਂ ਹਨ। ਉਨ੍ਹਾਂ ਦੀ ਰਚਨਾਂ ਵਿਚ ਫੋਕੇ ਵਹਿਮਾਂ ਭਰਮਾਂ, ਵਿਖਾਵੇ ਦੇ ਧਰਮ ਆਦਿ ਦੀ ਤਗੜੇ ਸ਼ਬਦਾਂ ਵਿਚ ਨਿਖੇਧੀ ਕੀਤੀ ਗਈ ਹੈ ਅਤੇ ਸਚਾਈ ਤੇ ਨਿਆਂ ਲਈ ਕੁਰਬਾਨੀ ਦੀ ਪਰੇਰਨਾ ਦਿਤੀ ਹੈ। ਗਿਆਨ ਤੋਂ ਬਿਨਾਂ ਕੀਤਾ ਧਰਮ ਕਰਮ ਵੀ ਉਨ੍ਹਾਂ ਦੀ ਨਜ਼ਰ ਵਿਚ ਫਜ਼ੂਲ ਹੈ। ਉਹ ਅਕਾਲ ਉਸਤਤਿ ਵਿਚ ਫੁਰਮਾਉਂਦੇ ਹਨ।

"ਨਾਚਤ ਫਿਰਤ ਮੋਰ ਬਾਦਰ ਕਰਤ ਘੋਰ,
ਦਾਮਨੀ ਅਨੇਕ ਭਉ ਕਰਿਓ ਕਰਤ ਹੈ।
ਚੰਦ੍ਰਮਾ ਤੇ ਸੀਤਲ ਨ ਸੂਰਜ ਤੇ ਤਪਤ ਤੇਜ,
ਇੰਦ੍ਰ ਸੋ ਨ ਰਾਜਾ ਭਵ ਭੂਮ ਕੋ ਭਰਤ ਹੈ।
ਸਿਵ ਸੇ ਤਪਸੀ ਆਦਿ ਬ੍ਰਹਮਾ ਸੇ ਨ ਬੇਦ ਚਾਰੀ,
ਸਨਤ ਕੁਮਾਰ ਸੀ ਤਪਸਯਾ ਨ ਅਨਤ ਹੈ।
ਗਿਆਨ ਕੇ ਬਹੀਨ ਕਾਲ ਫਾਸ ਕੇ ਅਧੀਨ,
ਸਦਾ ਜੁਗਨ ਕੀ ਚਉਕਰੀ ਫਿਰਾਏ ਈ ਫਿਰਤ ਹੈ।"–

ਇਸ ਤੋਂ ਇਹ ਗੱਲ ਸਿੱਧ ਹੋ ਜਾਂਦੀ ਹੈ ਕਿ ਗੁਰੂ ਸਾਹਿਬ ਗਿਆਨ ਨੂੰ ਜਿਥੇ ਪ੍ਰਗਤੀ ਦਾਂ ਇਕ ਸਾਧਨ ਮੰਨਦੇ ਹਨ। ਉਨ੍ਹਾਂ ਦੇ ਵਿਚਾਰ ਵਿਚ ਸੇਵਾ, ਗਿਆਨ, ਭਗਤੀ ਅਤੇ ਸ਼ਰਧਾ ਜੇਕਰ ਇਕ ਥਾਂ ਇੱਕੱਠੇ ਹੋ ਜਾਣ ਤਾਂ ਸਭ ਤੋਂ ਉਤਮ ਗਲ ਹੈ। ਉਨਾਂ ਦੇ ਵਿਚਾਰ ਅਨੁਸਾਰ ਗਿਆਨ, ਭਗਤੀ ਅਤੇ ਹੋਰ ਜਾਣਕਾਰੀ ਅੱਡ ਅੱਡ ਮੁਕਤੀ ਦੇ ਸਾਧਨ ਨਹੀਂ ਸਗੋਂ ਇਨ੍ਹਾਂ ਦੇ ਸੁਮੇਲ ਤੋਂ ਹੀ ਮੁਕਤੀ ਪ੍ਰਾਪਤ ਹੋ ਸਕਦੀ ਹੈ। ਉਨ੍ਹਾਂ ਦੇ ਵਿਚਾਰ ਵਿਚ ਮਨੁੱਖ ਦਾ ਸਮੁੱਚਾ ਵਿਕਾਸ ਅਤਿ ਲੋੜੀਂਦਾ ਹੈ। ਅਕਾਲ ਉਸਤਤਿ ਵਿਚ ਇਸ ਸਬੰਧੀ ਆਪਣੇ ਵਿਚਾਰ ਉਨ੍ਹਾਂ ਇਸ ਤਰ੍ਹਾਂ ਪ੍ਰਗਟਾਏ ਹਨ।

'ਗਆਨ ਕੇ ਬਿਹੀਨ ਮਹਾ ਦਾਨ ਮੈਂ ਨਾ ਹੂਜ ਲੀਨ, ਭਾਵਨਾ ਬਿਹੀਨ ਦੀਨ ਕੈਸੇ ਕੈ ਤਰਤ ਹੈ।' ਅਕਾਲ ਉਸਤਤਿ ਵਿਚ ਇਕ ਹੋਰ ਸ਼ਬਦ ਰਾਹੀਂ ਉਹ ਇਸ ਗਲ ਤੇ ਚਾਨਣਾ ਪਾਉਂਦੇ ਹਨ ਕਿ ਜਿਥੇ ਸ਼ਰਧਾ ਦੀ ਲੋੜ ਹੈ ਉਥੇ ਨਾਲ ਗਿਆਨ ਵੀ ਚਾਹੀਦਾ ਹੈ। ਗਿਆਨ ਰਹਿਤ ਸ਼ਰਧਾ ਕਿਸੇ ਕੰਮ ਨਹੀਂ।

'ਪੰਚ ਬਾਰ ਗੀਦਰ ਪੁਕਾਰੇ ਪਰੇ ਸੀਤਕਾਲ,
ਕੁੰਚਰ ਔ ਗਦਹਾ ਅਨੇਕਦਾ ਪਕਾਰ ਹੀ॥
ਕਹਾ ਭਇਉ ਜੋ ਪੈ ਕਲ ਵਤ੍ਰ ਲੀਓ ਕਾਂਸ਼ੀ ਬੀਚ,
ਚੀਰ ਚੀਰ ਚੋਰਟਾ ਕੁਠਾਰਨ ਕੋ ਮਾਰਹੀ॥
ਕਹਾ ਭਇਓ ਫਾਸੀ ਡਾਰ ਬੂਡਓ ਜੜ੍ਹ ਗੰਗਧਾਰ,
ਡਾਰ ਡਾਰ ਫਾਸ ਠਗ ਮਾਰ ਮਾਰ ਡਾਰਹੀ॥
ਡੂਬੇ ਨਰਕਧਾਰ ਮੂੜ੍ਹ ਗਿਆਨ ਕੇ ਬਿਨਾਂ ਬਿਚਾਰ,
ਭਾਵਨਾ ਬਹੀਨ ਕੈਸੇ ਗਿਆਨ ਕੋ ਬਿਚਾਰਹੀ॥'

Sri Satguru Jagjit Singh Ji Elibrary NamdhariElibrary@gmail.com

ਕਵਿਤਾ

— ਨੌਜਵਾਨ ਕਵੀ

—ਰਘਬੀਰ ਸਿੰਘ ਇਨਕਲਾਬੀ

੧. ਸਵਿਧਾਨ

ਭਾਰਤ ਦਾ ਸਵਿਧਾਨ
ਜਿਨਾਂ ਮਰਜੀ ਭੌਕੋ
ਜਿਥੇ ਮਰਜੀ ਜਾਉ
ਹੱਸੋ ਨਚੋ ਟਪੋ
ਭੰਗੜਾ ਪਾਉ
ਸ਼ਰਾਬਾਂ ਪੀਉ
ਇਹ ਤੁਹਾਡੇ ਹੱਕ ਨੇ
ਪਰ ਕੰਮ ਨਾ ਮੰਗੋ
ਰੋਟੀ ਨਾ ਮੰਗੋ
ਇਹ ਸਾਡੇ ਹੱਕ ਨੇ
ਸਵਿਧਾਨ ਦੇ
ਤੁਹਾਡੇ ਹੱਕ ਨੇ
ਜਥੇਬੰਧ ਹੋ ਜਾਉ
ਲੀਡਰਾਂ ਦੀ ਜੈ ਜੈ ਕਾਰ ਕਰੋ
ਧਰਮਾਂ ਦੀ ਪੁਕਾਰ ਕਰੋ
ਪੱਥਰਾਂ ਨੂੰ ਪੂਜੋ
ਜਿਹਨੂੰ ਮਰਜੀ ਪੂਜੋ
ਪਰ ਜਦ ਵੀ ਸੱਚ ਭੌਕਣ ਲਗੋ
ਤਾਂ ਸਾਨੂੰ ਦਸੋ
ਤਾਂ ਕਿ ਅਸੀਂ ਸਵਿਧਾਨ ਵਿਚ
ਇਕ ਹੋਰ ਤਰਮੀਮ ਕਰਕੇ
ਤੁਹਾਨੂੰ ਫਾਹੇ ਲਾ ਸਕੀਏ ।

੨. ਕਾਨੂੰਨ

ਕਾਨੂੰਨ ਕਿਸ ਲਈ ਹੁੰਦੇ ਨੇ
ਹੱਕ ਦਿਵਾਉਣ ਲਈ ਜਾਂ
ਹੱਕ ਮਰਵਾਉਣ ਲਈ
ਇਹਨਾ ਦੀ ਕਹਿਣੀ ਤੇ ਕਰਨੀ
ਆਪੋ ਵਿਰੋਧੀ ਲਗਦੀ ਏ
ਫਿਰ ਮੈਂ ਕੀ ਕਹਿ ਸਕਦਾ ਹਾਂ
ਕਾਨੂੰਨ ਕਿਸ ਲਈ ਹੁੰਦੇ ਨੇ

੩. ਤਾਜ ਮਹੱਲ

ਕਦੇ ਕਦੇ ਮੇਰੇ ਯਾਰ ਕਹਿੰਦੇ ਨੇ
ਚਲ ਯਾਰਾ ਅੱਜ ਆਗਰੇ ਨੂੰ ਚਲੀਏ
ਸੰਸਾਰ ਦਾ ਸਤਵਾਂ ਅਜੂਬਾ
ਤੇ ਸ਼ਾਹ ਜਹਾਨ ਦੀ ਮੁੱਹਬਤ
ਤਾਜ ਮਹਲ ਨੂੰ ਤਕੀਏ
ਪਰ ਮੈਂ ਹਰ ਵਾਰ
ਇਨਕਾਰ ਕਰ ਦੇਂਦੇ ਹਾਂ
ਤੇ ਕਹਿੰਦਾ ਹਾਂ
ਛਡੋ ਪਰੇ ਯਾਰੋ
ਬਥੇਰੇ ਨੇ ਤਾਜ ਤੇ ਸ਼ੀਸ ਮਹੱਲ
ਮੇਰੇ ਆਪਣੇ ਸ਼ਹਿਰ ਦੇ ਅੰਦਰ
ਜਿਹਨਾਂ ਵਿਚ ਸੇਠਾਂ ਤੇ ਸੂਦਾਰਾ ਦੀਆਂ
ਮੁੱਹਬਤਾਂ ਜਿਉਂਦੀਆਂ ਨੇ
ਤੇ, ਮਜ਼ਲੂਮਾ ਤੇ ਮਜ਼ਦੂਰਾਂ ਦਾ
ਖੂਨ ਸਿੰਮਦਾ ਏ
ਛਡੋ ਪਰੇ, ਇਹ ਨਜ਼ਾਰਾ
ਕਿਉ ਹੈ ਉਥੇ ਛੱਕਣ ਜਾਣਾ

੪. ਸਿਪਾਹੀ

ਇਹ ਮੇਰੇ ਦੇਸ਼ ਦਾ ਸਿਪਾਹੀ ਏ
ਮੇਰੇ ਹੱਕ ਦਾ ਰਖਵਾਲਾ
ਪਰ ਪ੍ਰੀਖਿਆ ਭਵਨ ਵਿਚ
ਜਦ ਇਮਤਿਹਾਨ ਹੁੰਦੇ ਨੇ
ਤਾਂ ਇਹਨੂੰ ਸਦਿਆ ਜਾਂਦਾ ਏ
ਕਾਹਨੂੰ ਭਲਾ ਕੋਈ ਨਕਲ ਮਾਰੇ
ਪਰ ਦੋ ਦਮੜੇ ਤੇ ਦਾਰੂ ਦੀ ਬੋਤਲ ਲੇ ਕੇ
ਇਹ ਆਪ ਹੀ ਪਰਚੀਆਂ ਵੰਡੀ ਜਾਂਦਾ ਏ
ਇਹ ਮੇਰੇ ਦੇਸ਼ ਦਾ ਸਿਪਾਹੀ ਜੇ
ਮੇਰਿਆਂ ਹੱਕਾਂ ਦਾ ਰਖਵਾਲਾ ।

ਡਬਲਯੂ. ਬੀ ੫੪ ਬਜ਼ਾਰ ਪੀਰ ਬੋਦਲਾ
ਜਲੰਧਰ ਸ਼ਹਿਰ

Sri Satguru Jagjit Singh Ji Elibrary NamdhariElibrary@gmail.com

ਭਾਈ ਨੰਦ ਲਾਲ ਗੁਰੂ ਜੀ ਦੇ ਦਰਬਾਰ ਦੇ ਉਚਤਮ ਕਵੀਆਂ ਵਿਚੋਂ ਇਕ ਸੀ। ਉਹ ਅਰਬੀ ਤੇ ਫਾਰਸੀ ਦਾ ਵਿਦਵਾਨ ਸੀ। ਪਹਿਲੇਂ ਉਹ ਔਰੰਗਜ਼ੇਬ ਦੇ ਦਰਬਾਰ ਵਿਚ ਉਸਦੇ ਪੁਤਰ ਮੁਅਜ਼ਮ ਦਾ ਸਕੱਤਰ ਸੀ। ਇਹ ਜਾਣ ਕੇ ਕਿ ਔਰੰਗਜ਼ੇਬ ਉਸਨੂੰ ਮੁਸਲਮਾਨ ਬਣਾਉਂ'ਣਾ ਚਾਹੁੰਦਾ ਹੈ ਉਹ ਆਪਣੇ ਇਕ ਸ਼ਾਗਿਰਦ ਗਿਆਸੁਦੀਨ ਸਮੇਤ ਨੱਸ ਕੇ ਅਨੰਦ ਪੁਰ ਆ ਗਿਆ। ਅਜਿਹੇ ਕਈ ਹੋਰ ਵਿਦਵਾਨ ਗੁਰੂ ਜੀ ਦੀ ਸੇਵਾ ਵਿਚ ਅਗੇ ਹੀ ਰਹਿੰਦੇ ਸਨ। ਹੌਲੀ ਹੌਲੀ ਭਾਈ ਨੰਦ ਲਾਲ ਦੀ ਸ਼ਰਧਾ ਗੁਰੂ ਸਾਹਿਬ ਪ੍ਰਤੀ ਇਤਨੀ ਵੱਧ ਗਈ ਕਿ ਉਸ ਨੂੰ ਗੁਰੂ ਸਾਹਿਬ ਨਾਲ ਇਕ ਕਿਸਮ ਦਾ ਇਸ਼ਕ ਹੋ ਗਿਆ। ਉਸ ਨੇ ਗੁਰੂ ਜੀ ਦੀ ਉਸਤਤ ਬੜੇ ਖੂਬਸੂਰਤ ਲਫਜ਼ਾਂ ਵਿਚ ਕੀਤੀ। ਇਕ ਥਾਂ ਤੇ ਕਹਿੰਦੇ ਹਨ 'ਮੇਰੇ ਉਸ ਪਿਆਰੇ (ਗੁਰੂ ਗੋਬਿੰਦ ਸਿੰਘ) ਦੇ ਇਕ ਵਾਲ ਦਾ ਮੁਲ ਇਹ ਦੁਨੀਆਂ ਤੇ ਅਗਲਾ ਜਹਾਨ ਹੈ' (ਹਰ ਦੋ ਆਲਮ ਕੀਮਤੇ ਯਕਤਾਰ ਮੂਏ ਯਾਰੇ ਮਾਂ) ਭਾਈ ਨੰਦ ਲਾਲ ਨੇ ਗੁਰੂ ਜੀ ਦੀ ਫਿਲਾਸਫੀ ਨੂੰ ਬਿਆਨ ਕਰਦੇ ਹੋਏ, ਉਨ੍ਹਾਂ ਦੀ ਵਡਿਆਈ ਵਿਚ ਕਈ ਪੁਸਤਕਾਂ ਲਿਖੀਆਂ। 'ਬੰਦਗੀ ਨਾਮਾ' ਉਸ ਨੇ ਗੁਰੂ ਜੀ ਨੂੰ ਸਮਰਪਣ ਕੀਤੀ। ਪਿਆਰ ਨਾਲ ਗੁਰੂ ਜੀ ਨੇ ਉਸ ਦਾ ਨਾਂ 'ਜ਼ਿੰਦਗੀ ਨਾਮਾ' ਰਖ ਦਿੱਤਾ।

ਉਪਰਲੇ ਵਿਵਰਨ ਤੋਂ ਪਤਾ ਲਗ ਜਾਂਦਾ ਹੈ ਕਿ ਗੁਰੂ ਸ਼ਾਹਿਬ ਨਾ ਸਿਰਫ ਆਪ ਹੀ ਵਿਦਵਾਨ ਸਨ ਸਗੋਂ ਵਿਦਵਾਨਾਂ ਦੇ ਵਡੇ ਕਦਰਦਾਨ ਵੀ ਸਨ। ਅਕਲ ਹੈਰਾਨ ਹੁੰਦੀ ਹੈ ਜਦੋਂ ਅਸੀਂ ਦੇਖਦੇ ਹਾਂ ਕਿ ਗੁਰੂ ਜੀ ਨੇ ਆਪਣੀ ਸੰਘਰਸ਼ਮਈ ਤੇ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਸਮਾਂ ਕੱਢ ਕੇ ਨਾ ਸਿਰਫ ਆਪ ਸਾਹਿਤ ਰਚਨਾ ਕੀਤੀ ਸਗੋਂ ਬਹੁਤ ਸਾਰਾ ਸਾਹਿਤ ਲਿਖਵਾਇਆ। ਉਹਨਾਂ ਦੀ ਰਚਨਾ ਦਸਮ ਗਰੰਥ ਵਿਚ ਸ਼ਾਮਲ ਹੈ। ਸਵਯੇ, ਜਾਪੁ ਸਾਹਿਬ, ਚੌਪਈ, ਅਕਾਲ ਉਸਤਤਿ, ਚੰਡੀ ਦੀ ਵਾਰ ਅਤੇ ਜ਼ਫਰਨਾਮਾ ਉਨ੍ਹਾਂ ਦੀਆਂ ਵਿਸ਼ੇਸ਼ ਰਚਨਾਵਾਂ ਹਨ।

16-ਤਹਿਸੀਲ ਪੁਰਾ,
ਅੰਮ੍ਰਿਤਸਰ।

ਗ਼ਜ਼ਲ

—ਸਰਵਨ ਰਾਹੀ

ਅਸਾਡੇ ਤੋਂ ਨਗਮੇਂ ਇਹ ਗਾਏ ਨਹੀਂ ਜਾਂਦੇ,
ਇਹ ਦਰਦਾਂ ਦੇ ਕਿੱਸੇ ਸੁਣਾਏ ਨਹੀਂ ਜਾਂਦੇ।

ਇਹ ਸੂਰਜ ਹਯਾਤੀ ਦਾ ਡੁੱਬਣਾ ਕਦੇ ਤਾਂ,
ਇਹ ਧੁੱਪਾਂ ਦੇ ਸਾਏ ਦਬਾਏ ਨਹੀਂ ਜਾਂਦੇ।

ਮੇਰਾ ਖ਼ੂਨ ਮਹਿਕਾਂ ਨੇ ਜੀ ਭਰਕੇ ਪੀਤਾ,
ਤਦੇ ਜ਼ਖ਼ਮ ਦਿਲ ਦੇ ਦਿਖਾਏ ਨਹੀਂ ਜਾਂਦੇ।

ਮੈਂ ਰੰਗਾਂ ਸੁਗੰਧਾਂ ਦਾ ਕਾਇਲ ਹਾਂ ਮੁੱਢੋਂ,
ਇਹ ਧੁੱਖਦੇ ਜੋ ਅਰਮਾਂ ਬੁਝਾਏ ਨਹੀਂ ਜਾਂਦੇ।

ਮੇਰੇ ਦਿਲ 'ਚ ਵਾਸਾ ਹੈ ਤੇਰਾ ਐ 'ਰਾਹੀ',
ਤੇਰੇ ਦਿਲ ਤੋਂ ਗੈਰਾਂ ਦੇ ਸਾਏ ਨਹੀਂ ਜਾਂਦੇ।

ਰੁੜਕਾ ਕਲਾਂ (ਜਲੰਧਰ)

ਗ਼ਜ਼ਲ

—ਦੇਵਿੰਦਰ 'ਜੌਹਲ'

ਪੂਰਬ ਚੋਂ ਉਠ ਸੂਰਜ ਨਿਤ ਸੁਲਘਾਵਣ ਜਾਵੇ ਪੱਛਮ ਨੂੰ
ਧੁੱਪ ਛਪੀ ਤੇ ਹਰ ਕੋਈ ਪਰ ਦੋਸ਼ ਲਗਾਵੇ ਪੱਛਮ ਨੂੰ।

ਪੱਛਮ ਤਾਂ ਹੁਣ ਸੂਰਜ ਨੂੰ ਝਈਆਂ ਲੈ ਲੈ ਪੈਂਦਾ ਏ
ਬਰਫਾਂ ਦੀ ਉਹ ਕੈਦ ਵਿਚੋਂ ਕਿਉ ਫੇਰ ਛਡਾਵੇ ਪੱਛਮ ਨੂੰ।

ਕੱਲ ਹਵਾ ਜੋ ਕਹਿੰਦੀ ਸੀ ਮੈਂ ਬੇਲਾਗ ਹਾਂ ਆਪੋਂ ਤੋਂ ਵੀ।
ਅੱਜ ਓਹੀ ਨਸ਼ਿਆਈ ਪੌਣ ਭਰੂਈ ਆਵੇ ਪੱਛਮ ਨੂੰ।

ਤਨ ਦੀ ਮਸਤੀ ਮਾਨਣ ਕੁਝ ਪੂਰਬ ਦੀ 'ਵਾ ਦੇ ਬੁੱਲੇ ਵੀ
ਕੀ ਆਖਾਂ ਮੈਂ ਓਸ ਪੁਜਾਰੀ ਨੂੰ ਜੋ ਗਾਵੇ ਪੱਛਮ ਨੂੰ।

ਓਜੇ ਧੁੱਪ ਦੀਆਂ ਕਿਰਨਾਂ ਮੈਖਾਨੇ 'ਚੋ ਨਿਕਲਦੀਆਂ ਨਈਂ
ਨਫ਼ਰਤ ਵਿਚ ਜੋ ਨੱਕ ਚੜ੍ਹਾ ਕੇ ਥੁਕਦੀ ਜਾਵੇ ਪੱਛਮ ਨੂੰ।

ਧੁੱਪ ਤਾਂ ਕੋਈ ਓਧਰ ਵੀ ਆਖਰ ਸੁਲਘਾ ਕੇ ਆਵੇਗਾ
ਰੋਸਾ ਨਾ ਕਰ ਜੇ ਸੂਰਜ ਹਰ ਸ਼ਾਮੀ ਜਾਵੇ ਪੱਛਮ ਨੂੰ।

ਕੱਲ ਤਾਂ ਇਸ ਪੱਛਮ ਨੇ ਪੂਰਬ ਉੱਤੇ ਫੱਨ ਵਿਲਾਏ ਸਨ
ਆਪਣਾ ਪੱਛਮ ਵੀ ਤਾਂ ਪੱਛਮ ਨਾ ਹੁਣ ਭਾਵੇ ਪੱਛਮ ਨੂੰ।

ਉਹ ਵੀ ਪਹਿਨੇ ਹਿੱਪਣ ਵਰਗਾ ਹੀ ਬਸ ਰੰਗ ਜ਼ਰੂਰੀ ਨਈਂ
ਦੇਵਿੰਦਰ! ਜੋ ਸ਼ਿਅਰ ਮੁਖਾਤਿਬ ਕੀਤਾ ਜਾਵੇ ਪੱਛਮ ਨੂੰ।

ਪਿੰਡ ਤੇ ਡਾ: ਜੰਡਿਆਲਾ
ਜ਼ਿਲਾ ਜਲੰਧਰ

Sri Satguru Jagjit Singh Ji Elibrary NamdhariElibrary@gmail.com

ਬਲਵੰਤ ਗਾਰਗੀ ਦਾ 'ਸੌਕਣ'

ਇਕ ਬੇਲੋੜਾ ਯਤਨ

—ਲਖਵਿੰਦਰ ਜੋਹਲ

ਬਲਵੰਤ ਗਾਰਗੀ ਦੀ ਆਰਸੀ (ਦਸੰਬਰ) ਵਿਚ ਛਪੀ ਰਚਨਾ (ਸੌਕਣ) ਜੋ ਆਪਣੇ ਸੰਰਚਨਾ—ਵਿਧਾਨ ਕਾਰਨ ਇਕਾਂਗੀ ਵਰਗੀ ਹੈ, ਅਤੇ ਨਾਲ ਛਪੀਆਂ ਰਚਨਾ—ਬਾਹਰੀਆਂ ਸੂਚਨਾਵਾਂ ਤੋਂ ਕਿਸੇ ਨਾਟਕ ਦਾ ਇਕ ਅੰਗ ਪ੍ਰਤੀਤ/ਸਿੱਧ ਹੁੰਦੀ ਹੈ, ਦੀ ਸੰਰਚਨਾਤਿਮਿਕ—ਅਸਫਲਤਾ ਦਾ ਮੂਲ ਇਹੀ ਹੈ ਕਿ ਰਚਨਾ ਦਾ ਵਸਤੂ ਬਣਿਆ ਜੀਵਨ—ਯਥਾਰਥ ਦਾ ਟੁਕੜਾ ਵਸਤੂ ਦੀ ਹੈਸੀਅਤ ਵਿਚ ਪੇਸ਼ ਨਹੀਂ ਹੋ ਸਕਿਆ ਸਿਰਫ਼ ਵਿਸ਼ੇ ਵਾਂਗ ਪੇਸ਼ ਹੈ। ਇਸ ਦਾ ਵਿਸ਼ੇ ਵਾਂਗ ਪੇਸ਼ ਹੋਣਾ ਇਹ ਸਾਬਤ ਕਰ ਗਿਆ ਹੈ ਕਿ ਬਾਵਜੂਦ ਇਸਦੇ ਕਿ ਗਾਰਗੀ ਨੇ ਅਜੇਹੀ ਕੋਈ ਘਟਨਾ ਆਪਣੇ ਪਿੰਡ ਜਾਂ ਕਿਤੇ ਵਾਪਰਦੀ ਦੇਖੀ, ਕਿ ਇਸ ਵਸਤੂ ਨੂੰ ਲੇਖਕ ਨੇ ਅਨੁਭਵਿਆ ਨਹੀਂ ਗ੍ਰਹਿਣ ਕੀਤਾ ਹੈ। ਗ੍ਰਹਿਣ ਕੀਤੇ ਹੋਏ ਵਸਤੂ ਦੇ ਪ੍ਰਗਟੀਕਰਨ ਦੀ ਮਜਬੂਰੀ ਇਹੀ ਹੈ ਕਿ ਉਸਨੂੰ ਪਸਾਰ ਦਿਤੇ ਜਾਂਦੇ ਹਨ, ਉਸ ਵਿਚੋਂ ਨਹੀਂ ਫੁੱਟਦੇ।

ਸੱਮਸਿਆਂ ਨੂੰ ਵਿਵੇਕਸ਼ੀਲ ਬਨਾਉਣ ਵਲ ਕਾਰਜਸ਼ੀਲ ਮੋਟਿਫ਼ ਜਦੋਂ ਅਜੇਹੀ ਕਿਸੇ ਮਜਬੂਰੀ ਵਿਚ ਬੱਝੇ ਹੁੰਦੇ ਹਨ ਤਾਂ ਵਸਤੂ ਵਿਵੇਕਸ਼ੀਲ ਰੂਪ ਵਿਚ ਪੇਸ਼ ਹੋ ਹੀ ਨਹੀਂ ਸਕਦਾ ਹੁੰਦਾ। 'ਸੌਕਣ' ਦਾ ਵਿਵੇਕਸ਼ੀਲ ਰੂਪ ਵਿਚ ਪੇਸ਼ ਨਾ ਹੋ ਸਕਣ ਕਾਰਨ ਹੀ ਰਚਨਾ—ਬਾਹਰੀਆਂ ਸੂਚਨਾਵਾਂ ਛਾਇਆ ਕਰਨ ਦੀ ਅਵਸ਼ਕਤਾ ਮਹਿਸੂਸ ਕੀਤੀ ਗਈ।

ਮੰਚੀ-ਸੰਰਚਨਾ ਦੀ ਬੁਨਿਆਦੀ ਲੋੜ ਪ੍ਰਸਤੁਤ ਹੋਣ ਦੀ ਹੋਂਦ-ਵਿਧੀ ਵਿਚ ਬੱਝੀ ਹੋਈ ਹੈ। ਜਦੋਂ ਵਸਤੂ ਨੂੰ ਵਿਵੇਕਸ਼ੀਲਤਾ ਸਹਿਤ ਪੇਸ਼ ਹੋਇਆ ਸਿੱਧ ਕਰਨ ਲਈ ਪਸਾਰ ਦਿਤੇ ਜਾਂਦੇ ਹਨ ਤਾਂ ਰਚਨਾ ਪ੍ਰਸਤੁਤੀ ਤੋਂ ਟੁੱਟ ਜਾਂਦੀ ਹੈ। ਕਾਰਨ ਇਹੀ ਕਿ ਸਿਰਜਤ ਚਿੱਤਰ ਨੂੰ ਸੰਭਾਵਿਤ ਚਿੱਤਰ ਦੇ ਸਮਵਿੱਥ ਪਛਾਣਿਆ ਨਹੀਂ ਜਾ ਸਕਦਾ ਹੁੰਦਾ।

ਇਸ ਚਿੱਤਰ ਦਾ ਵਿਸ਼ਾ ਪੱਛਮੀਂ ਪ੍ਰਭਾਵ ਤੋਂ ਪ੍ਰੇਰ… ਮਾਨਵੀ-ਰਿਸ਼ਤਿਆਂ ਵਿਚਲੀ ਉਥਲ-ਪੁਥਲ ਬਣਿਆ ਹੋਣ ਦੇ ਬਾਵਜੂਦ ਵਸਤੂ ਦੀ ਹੈਸੀਅਤ ਵਿਚ ਇਸ ਕਰਕੇ ਵੀ ਪੇਸ਼ ਨਹੀਂ ਹੈ ਕਿ ਵਸਤੂ ਦੇ ਪਸਾਰ ਹਾਸੋ-ਹੀਣੇ ਹਨ। ਉਨਾਂ ਦੇ ਅਜੇਹੇ ਸੁਭਾਅ ਦਾ ਮੂਲ ਉਨਾਂ ਦਾ ਉਦਾਹਰਣ ਵਾਂਗ ਪੇਸ਼ ਹੋਣਾ ਹੈ—ਇੱਕ ਸੱਚ ਨੂੰ ਕੁਝ ਉਦਾਹਰਣਾਂ ਪ੍ਰਾਪਤ ਹੋਈਆਂ ਹਨ ਤੇ ਬੱਸ……

ਨਾਟਕ ਦੇ ਪਾਤਰਾਂ ਦਾ ਜ਼ੋਰ ਸੁਭਾਵਿਕ ਵਾਰਤਾਲਾਪੀ ਗਤੀਸ਼ੀਲਤਾਂ ਦੀ ਬਜਾਏ ਪਾਠਕਾਂ/ਦਰਸ਼ਕਾਂ ਨੂੰ ਆਪਣੀ ਗੱਲ ਮਨਵਾ ਲੈਣ ਉਤੇ ਲੱਗਾ ਹੈ। ਭੈਣ (ਮਾਂ) ਆਪਣੇ ਭਰਾ ਨੂੰ ਭੋਗ ਕਰਨ ਲਈ ਇਸ ਕਰਕੇ ਮਨਾਉਂਦੀ ਹੈ ਕਿ ਸਾਡੇ ਪੁਰਾਤਨ ਗਰੰਥ ਰਿਗਵੇਦ ਵਿਚ ਯਮ ਨੇ ਆਪਣੀ ਭੈਣ ਯਮੀ ਨਾਲ ਭੋਗ ਕੀਤਾ ਸੀ। ਰਿਸ਼ੀ ਯਯਾਤੀ ਆਪਣੀ ਧੀ ਦਾ ਪ੍ਰੇਮੀ ਬਣ ਗਿਆ ਸੀ—ਹੋਰ ਕਈ ਦੇਵਤੇ ਵੀ ਅਜੇਹੇ ਰਿਸ਼ਤੇ ਭੋਗਦੇ ਰਹੇ ਹਨ—ਉਹਦਾ ਭਰਾ ਉਹਦੀ ਮਾਂ ਦੇ ਪੇਟ ਵਿਚ ਉਹਦੇ ਨਾਲ ਹੀ ਤਾਂ ਹਾਜ਼ਰ ਸੀ, ਉਹ ਬਚਪਨ ਤੋਂ ਇਕ ਦੂਜੇ ਨਾਲ ਇਕੱਠੇ ਹੀ ਤਾਂ ਜਿਉ ਰਹੇ ਹਨ ਤੇ ਫਿਰ ਇਕ ਘੋੜੀ ਦੇ ਜਾਏ ਦੋ ਘੋੜਾ ਤੇ ਘੋੜੀ ਆਪਸ ਵਿਚ ਭੋਗ ਕਰਦੇ ਉਸਨੇ ਦੇਖੇ ਵੀ ਹਨ—ਇਹ ਸਭ ਦਲੀਲਾਂ ਹਨ ਜੋ ਗਾਰਗੀ ਦਾ ਪ੍ਰਤੀਨਿਧ ਪਾਤਰ ਮਾਂ (ਭੈਣ) ਦੇ ਕੇ ਪਾਠਕਾਂ/ ਦਰਸ਼ਕਾਂ ਤੋਂ ਅਜੇਹੇ ਰਿਸ਼ਤੇ ਦੀ ਸਵੀਕ੍ਰਿਤੀ ਲੈਣ ਦੀ ਇੱਛਾ ਨਾਲ ਪੇਸ਼ ਹੈ।

ਰਚਨਾ ਦੀ ਇਕ ਇਕਾਈ ਵਜੋਂ ਅਸਫਲਤਾ ਤਾਂ ਇਸ ਰੋਲ-ਘਚੋਲ ਵਿਚੋਂ ਵੀ ਦੇਖੀ ਜਾ ਸਕਦੀ ਹੈ ਕਿ ਕਾਮ ਉਤੇਜਨਾ ਦੀ ਪਕੜ ਤੋਂ ਪਹਿਲੇ ਮਾਨਵੀ ਰਿਸ਼ਤੇ ਵੀ ਸਥਿਰ ਰੂਪ ਵਿਚ ਪੇਸ਼ ਨਹੀਂ ਹੋ ਸਕੇ—ਨਾਇਕਾ ਮਾਂ ਵੀ ਹੈ, ਭੈਣ ਵੀ—ਇਸਦੀ ਜਾਣਕਾਰੀ ਰਚਨਾ ਵਿਚੋਂ ਨਹੀਂ ਵਾਰਤਾਲਾਪ ਵਿਚੋਂ ਨਹੀਂ, ਬਾਹਰੋਂ ਮਿਲਦੀ ਹੈ—ਸੂਚਨਾਤਮਿਕ ਪੱਧਰ ਤੇ। ਪਰੰਤੂ ਇਸ ਰਚਨਾ ਉਤੇ ਕਿੰਤੂ ਇਸ ਦ੍ਰਿਸ਼ਟੀ ਤੋਂ ਪ੍ਰੇਰਤ ਹੈ ਕਿ ਜੀਵਨ-ਯਥਾਰਥ ਦੇ ਉਸ ਪੱਖ ਦਾ ਵਿਸਲੇਸ਼ਣ ਕੀਤਾ ਜਾਵੇ ਜੋ ਸੰਭਾਵੀ ਸਾਹਿਤ—ਯਥਾਰਥ ਹੁੰਦਾ ਹੈ ਅਤੇ ਇਸਦੇ ਨਾਲ ਹੀ ਜੀਵਨ-ਯਥਾਰਥ ਦੇ ਉਸ ਪੱਖ ਦੀ ਪਛਾਣ ਕੀਤੀ ਜਾਵੇ ਜੋ ਸੱਚ ਹੁੰਦਾ ਹੋਇਆ ਵੀ ਸਾਹਿਤਕ ਰਚਨਾ ਦੇ

Sri Satguru Jagjit Singh Ji Elibrary NamdhariElibrary@gmail.com

ਉਦਾਤੀਕਰਨ ਦੀ ਵਸਤੂ ਨਹੀਂ ਬਣ ਸਕਦਾ ਹੁੰਦਾ।

ਲੇਖਕ ਕਦੇ ਵੀ ਆਪਣੇ ਯੁਗ ਦਾ ਨਿਰਪੱਖ ਬਿਰਤਾਂਤਕਾਰ ਇਸੇ ਕਰਕੇ ਨਹੀਂ ਹੁੰਦਾ ਕਿ ਉਹ ਮਨੁੱਖ ਨਹੀਂ ਵਿਅਕਤੀ ਹੁੰਦਾ ਹੈ ਆਪਣੇ ਹਰ ਕਾਰਜ ਵਿਚ ਉਸਨੇ ਮਨੁੱਖ ਵਜੋਂ ਨਹੀਂ ਵਿਅਕਤੀ ਵਜੋਂ ਰੂਪਮਾਨ ਹੋਣਾ ਹੁੰਦਾ ਹੈ। ਇਹ ਤੱਥ ਇਸੇ ਨੂੰ ਜ਼ਾਹਿਰ ਕਰਦਾ ਹੈ, ਕਿ ਸਮਕਾਲੀ ਘਟਨਾਵਲੀ ਨੂੰ ਉਹ ਆਪਣੀ ਵਿਚਾਰਧਾਰਾ ਮੁਤਾਬਿਕ ਕੋਈ ਚਿਹਰਾ ਦੇਵੇਗਾ— ਸੁਆਲ ਪੈਦਾ ਹੁੰਦਾ ਹੈ ਕਿ ਕੀ ਸਮਕਾਲੀ ਘਟਨਾਵਲੀ ਹੀ ਏਨੀ ਮੂੰਹ ਜ਼ੋਰ ਸੀ ਕਿ ਗਾਰਗੀ ਨੂੰ ਸਿਥਲ ਹੋਣਾ ਪਿਆ— (ਲੇਖਕ ਲਈ ਤਾਂ ਅਜੇਹੀ ਸਿਥਲਤਾ ਵੀ ਵਰਜਿਤ ਹੁੰਦੀ ਹੈ) ਦੂਜੇ ਸ਼ਬਦਾਂ ਵਿਚ ਕੀ ਭਾਰਤੀ ਸਮਾਜ ਵਿਚ ਰਿਸ਼ਤੇ ਇਸ ਸੀਮਾ ਤੱਕ ਖਲਤ-ਮਲਤ ਹੋ ਚੁਕੇ ਹਨ/ਹੋ ਰਹੇ ਹਨ ਕਿ ਗਾਰਗੀ ਦੀ ਕਲਮ ਹੁਣ ਰੁਕ ਹੀ ਨਹੀਂ ਸੀ ਸਕਦੀ—? ਘਟਨਾ ਤਾਂ ਉਸਨੇ ਪੰਜਾਹ-ਸਾਲ ਪਹਿਲਾਂ ਦੀ ਹੀ ਦੇਖੀ ਹੋਈ ਸੀ – ਕੀ ਹੁਣ ਉਹ ਢੁਕਵਾਂ ਸਮਾਂ ਆ ਗਿਆ ਸੀ ਜਦੋਂ ਉਹਦਾ 'ਅਨੁਭਵ' ਡੱਕਿਆ ਰਹਿ ਹੀ ਨਹੀਂ ਸੀ ਸਕਦਾ ? ਦੂਜੀ ਗੱਲ ਕਿ ਜੇ ਸਾਡੇ ਰਿਸ਼ਤੇ ਏਨੇ ਖਲਤ-ਮਲਤ ਨਹੀਂ ਹਨ ਤਾਂ ਇਹਨਾਂ ਦੇ ਖਲਤ-ਗਲਤ ਹੋਣ ਦੀ ਗੱਲ ਨੂੰ ਉਭਾਰ ਕੇ ਪੇਸ਼ ਕਰਨਾ ਕਿੰਨਾ ਕੁ ਲੋੜੀਂਦਾ ਸੀ ?—

ਪਿਛੇ ਕਿਹਾ ਜਾ ਚੁੱਕਾ ਹੈ ਕਿ ਉਹ ਘਟਨਾਵਲੀ ਹੀ ਬਿੰਬੇ ਰੂਪ ਵਿਚ ਪੇਸ਼ ਹੋਏਗੀ ਜੋ ਸਮਕਾਲੀ ਚੇਤਨਾ ਨੂੰ ਸਾਕਾਰ ਕਰਦੀ ਹੋਵੇ ਜਾਂ ਅਜੇਹੀ ਘਟਨਾਵਲੀ ਜੋ ਲੇਖਕ ਦੇ ਵਿਚਾਰਾਂ ਨੂੰ ਪ੍ਰਸਤੁਤ ਕਰਦੀ ਹੋਵੇ। ਕਹਿਣਾ ਤਾਂ ਇਹ ਵੀ ਬਣਦਾ ਹੈ ਕਿ ਜੇ ਘਟਨਾਵਾਂ ਮੂੰਹ-ਜ਼ੋਰ ਹੋਣ ਵੀ, ਯਾਨੀ ਸਮਾਜਿਕ ਰਿਸ਼ਤੇ ਰਲਗੱਡਤਾ ਦੀ ਚਰਮ ਸੀਮਾ ਤੱਕ ਨੂੰ ਪਹੁੰਚ ਚੁੱਕੇ ਹੋਣ ਵੀ ਤਾਂ ਕੀ ਰਚਨਾਕਾਰ ਲਈ ਇਸ ਰਲਗਡਤਾ ਨੂੰ ਹੀ ਪ੍ਰਸਤੁਤ ਕਰਕੇ ਉਹਨਾਂ ਉਤੇ ਪਹਿਰਾ ਦੇਣਾ ਜ਼ਰੂਰੀ ਹੁੰਦਾ ਹੈ ? ਹਰ ਲੇਖਕ ਆਪਣੀ ਰਚਨਾ—ਪ੍ਰੀਕ੍ਰਿਆ ਵਿਚ ਯਥਾਰਥ ਦੇ ਵਸਤੂ ਬਣ ਗਏ ਪੱਖ ਨੂੰ ਹੋਰ ਪੱਖਾਂ ਨਾਲ ਮੇਚਣ ਦੇ ਕਾਰਜ ਵਿਚੀਂ ਗੁਜ਼ਰਦਾ ਹੈ। ਉਹ ਨਿਖੇੜਦਾ ਹੈ ਕਿ ਕੀ ਉਹਦਾ ਅਨੁਭਵ-ਖੇਤਰ ਸਾਹਿਤ-ਰਚਨਾ ਦਾ ਵਸਤ ਬਨਣਯੋਗ ਹੈ ? ਦੂਸਰੇ ਸ਼ਬਦਾਂ ਵਿਚ ਯਥਾਰਥ ਦੇ ਜਿਸ ਪੱਖ ਨੂੰ ਉਸਨੇ ਉਘਾੜਨਾ ਹੈ ਉਹ ਉਸਦੀ ਵਿਚਾਰ-ਦ੍ਰਿਸ਼ਟੀ ਦਾ ਅਨੁਸਾਰੀ ਹੁੰਦਾ ਹੈ ਉਸ ਵਿਚਾਰ-ਦ੍ਰਿਸ਼ਟੀ ਦਾ ਜਿਸਨੇ ਰਚਨਾ-ਦ੍ਰਿਸ਼ਟੀ ਵਿਚ ਪ੍ਰਵਿਰਤ ਹੋ ਕੇ ਰਚਨਈ-ਬਿੰਬ ਨੂੰ ਸਾਕਾਰ ਕਰਨਾ ਹੈ। ਯਾਨੀ ਕਿ ਗਾਰਗੀ ਦਾ ਰਿਸ਼ਤਿਆਂ ਦੀ ਰਲਗੱਡਤਾ (ਰਲਗੱਡਤਾ ਦਾ ਕਿੰਤੂ - ਮਈ ਚਿੱਤਰ ਨਹੀਂ ਸਗੋਂ ਪ੍ਰਸੰਸਾ ਮਈ ਚਿੱਤਰ) ਨੂੰ ਪੇਸ਼ ਕਰਨਾ ਉਸਦੀ ਵਿਚਾਰ-ਦ੍ਰਿਸ਼ਟੀ ਦਾ ਪਹੁੰਚ-ਬਿੰਦੂ ਹੈ। ਕੀ ਅਜੇਹੇ ਰਿਸ਼ਤਿਆਂ ਨੂੰ ਸਮਾਜਿਕ ਸਵੀ-ਕ੍ਰਿਤੀ ਬਗੈਰ ਗਤੀਸ਼ੀਲਤਾ 'ਚ ਅਟਕਾਉ ਦਾ ਖਦਸ਼ਾ ਹੈ ? ਅਜੇਹੀ ਸਮਾਜਿਕ ਮਨਜ਼ੂਰੀ ਤੋਂ ਬਿਨਾਂ ਸਮਾਜਿਕ ਉੱਚਤਾ ਨੂੰ ਦਖਲਾ ਹੈ ? ਜਾਂ ਅਜੇਹੀ ਪ੍ਰਵਾਨਗੀ ਦੀ ਅਣਹੋਂਦ ਵਿਚ ਸਦਾਚਾਰਕ ਗਿਰਾਵਟ ਦਾ ਡਰ ਹੈ ?

ਇਸ ਸਾਰੀ ਚਰਚਾਂ ਦੇ ਮੁੱਢ ਵਿਚ ਕਿਹਾ ਜਾ ਚੁੱਕਾ ਹੈ ਕਿ ਇਸ ਰਚਨਾ ਨੂੰ ਇਕ ਵਿਸ਼ਾ ਮਿਲਿਆ ਹੈ ਵਸਤੂ ਨਹੀਂ। ਜਦੋਂ ਰਚਨਾ ਨੂੰ ਵਿਸ਼ਾ ਹੀ ਮਿਲਦਾ ਹੈ ਯਾਨੀ ਪਹੁੰਚ-ਬਿੰਦੂ ਹੀ ਪ੍ਰਾਪਤ ਹੁੰਦਾ ਹੈ ਤਾਂ ਉਹ ਸਾਰੀ ਪ੍ਰੀਕ੍ਰਿਆ ਸੰਪੂਰਨ ਪ੍ਰੀਕ੍ਰਿਆ ਵਿਚੋਂ ਗੈਰ-ਹਾਜ਼ਰ ਹੋ ਜਾਂਦੀ ਹੈ, ਜਿਸਨੇ ਰਚਨਾ ਨੂੰ ਵਿਵੇਕਸ਼ੀਲਤਾ ਦੇਣੀ ਹੁੰਦੀ ਹੈ ਅਤੇ ਪਰਚਾਰ ਵਰਗੇ ਦੋਸ਼ਾਂ ਤੋਂ ਰਚਨਾ ਨੂੰ ਬਚਾਉਣਾ ਹੁੰਦਾ ਹੈ। ਗਾਰਗੀ ਇਥੇ ਪਛਮੀਂ ਜੀਵਨ-ਜਾਂਚ ਦੇ ਪ੍ਰਚਾਰਕ ਵਜੋਂ ਹੀ ਪੇਸ਼ ਹੋਇਆ ਹੈ ਇਸਨੂੰ ਸਲਾਹ ਲਓ ਜਾਂ ਵਡਿਆ ਲਓ ਨਾ ਤਾਂ ਇਹ ਪੰਜਾਬੀ ਜੀਵਨ-ਜਾਚ ਲਈ ਏਡੀ ਮਾਣ ਵਾਲੀ ਗੱਲ ਹੈ ਤੇ ਨਾ ਪੰਜਾਬੀ ਸਾਹਿਤ ਲਈ। ਪ੍ਰਚਾਰ-ਦ੍ਰਿਸ਼ਟੀ ਤੋਂ ਪ੍ਰੇਰਿਤ ਹੋਣ ਦਾ ਨਤੀਜਾ ਹੀ ਹੈ ਕਿ ਸਾਡੇ ਸਮਾਜਿਕ-ਯਥਾਰਥ ਦਾ ਉਹ ਪੱਖ ਉਭਾਰਿਆ ਗਿਆ ਹੈ ਜੋ ਸਾਹਿਤ-ਜਗਤ ਲਈ ਹੀ ਲੁਕਿਆ ਛਿਪਿਆ ਨਹੀਂ ਸੀ ਰਹਿਣਾ ਚਾਹੀਦਾ ਸਮਾਜਕ ਝੂੰਡ ਨੂੰ ਮੁਖਾਤਿਬ ਹਰ ਉਚਾਰ ਵਿਚੋਂ ਹੀ ਗੈਰ-ਹਾਜ਼ਰ ਹੋਣਾ ਜ਼ਰੂਰੀ ਹੁੰਦਾ ਹੈ ਤੇ ਇਹੀ ਉਹ ਯਥਾਰਥਕ-ਸੱਚ ਹੈ, ਜਿਸਨੂੰ ਸਾਹਿਤ ਰਚਨਾ ਲਈ ਸਮਗਰੀ ਨ੍ਹਾ ਬਣ ਸਕਣ ਵਾਲਾ ਸੱਚ ਕਿਹਾ ਜਾ ਚੁੱਕਾ ਹੈ। ●

Sri Satguru Jagjit Singh Ji Elibrary NamdhariElibrary@gmail.com

ਸਰਕਾਰੀ ਲਿਖਤਾਂ ਵਿੱਚ

ਕੂਕਿਆਂ ਸਬੰਧੀ ਪ੍ਰਸਪਰ ਵਿਰੋਧ

—ਸਵਰਨ ਸਿੰਘ ਸਨੇਹੀ

(ਕਿਸ਼ਤ ੧)

ਕਿਸੇ ਵੀ ਕੌਮ ਦਾ ਇਤਿਹਾਸ ਲਿਖਣ ਵੇਲੇ, ਉਸ ਸਬੰਧੀ ਸਰਕਾਰੀ ਲਿਖਤਾਂ ਨੂੰ ਹੀ ਸੱਚ ਤੇ ਆਧਾਰ ਮੰਨ ਲੈਣ ਨਾਲ, ਆਮ ਕਰਕੇ, ਇਤਿਹਾਸ ਬਣਾਉਣ ਵਾਲਿਆਂ ਨਾਲ ਘੋਰ ਅਨਿਆਇ ਹੋ ਜਾਂਦਾ ਹੈ। ਸਰਕਾਰੀ ਇਤਲਾਹਾਂ (ਰਿਪੋਰਟਾਂ) ਤੇ ਅਜਿਹੀਆਂ ਹੋਰ ਲਿਖਤਾਂ ਜੋ ਆਮ ਕਰਕੇ ਸਰਕਾਰ ਦੇ ਝੁਕਾਉ ਨੂੰ ਮੁਖ ਰਖਦਿਆਂ, ਮੌਕੇ ਦੇ ਹਾਕਮਾਂ ਨੂੰ ਖੁਸ਼ ਰਖਣ ਲਈ ਝੋਲੀ ਚੁਕਾਂ ਵਲੋਂ ਘੜ ਬਣਾਕੇ ਜਾਂ ਸੱਚ ਤੇ ਝੂਠ ਦਾ ਮਿਲਗੋਭਾ ਬਣਾਕੇ ਪੇਸ਼ ਕੀਤੀਆਂ ਹੁੰਦੀਆਂ ਹਨ। ਗੁੜ ਵਾਂਗ ਕਈ ਚੀਜ਼ਾਂ ਦੀ ਉਮਰ ਵਧਣ ਨਾਲ ਉਨ੍ਹਾਂ ਦੀ ਕਦਰ ਤੇ ਕੀਮਤ ਵੀ ਵਧਦੀ ਹੈ। ਇਹ ਸਰਕਾਰੀ ਜਾਂ ਗੈਰ ਸਰਕਾਰੀ ਲਿਖਤਾਂ ਵੀ ਇਸੇ ਸ਼੍ਰੇਣੀ ਵਿਚ ਹੀ ਆ ਜਾਂਦੀਆਂ ਹਨ। ਇਨ੍ਹਾਂ ਦੀ ਉਮਰ ਪੁਰਾਣੀ ਹੋ ਜਾਣ ਤੇ, ਜਦੋਂ ਇਨ੍ਹਾਂ ਦਾ ਸੱਚ ਝੂਠ ਨਿਤਾਰਨ ਵਾਲਾ ਕੋਈ ਦੇਹਧਾਰੀ ਸਰੋਤ ਨਹੀਂ ਰਹਿ ਜਾਂਦਾ, ਇਜੇਹੀਆਂ ਲਿਖਤਾਂ ਨੂੰ ਝੂਠਿਆਂ ਕਹਿਣਾ ਵੀ ਔਖਾ ਹੁੰਦਾ ਹੈ ਤੇ ਸੱਚ ਮੰਨਣਾ ਵੀ ਅਸੰਭਵ ਹੁੰਦਾ ਹੈ। ਅੰਗਰੇਜ਼ ਸਰਕਾਰ ਦੇ ਅਫਸਰਾਂ ਵਲੋਂ ਨਾਮਧਾਰੀਆਂ ਬਾਰੇ ਲਿਖੀਆਂ ਗਈਆਂ ਰਿਪੋਰਟਾਂ ਤੇ ਲਿਖਤਾਂ ਵੀ ਇਸ ਦੋਸ਼ ਤੋਂ ਬਰੀ ਨਹੀਂ ਆਖੀਆਂ ਜਾ ਸਕਦੀਆਂ। ਇਨ੍ਹਾਂ ਰਾਈ ਦੇ ਪਹਾੜਾਂ ਵਿਚ ਝੂਠ ਤਾਂ ਹੈ ਹੀ ਪਰ ਪ੍ਰਸਪਰ ਵਿਰੋਧਤਾ ਦੀ ਵੀ ਭਰਮਾਰ ਹੈ।

'ਕੂਕੇ ਗੁਰੂ ਗੋਬਿੰਦ ਸਿੰਘ ਦੇ ਕਟੜ ਪੈਰੋਕਾਰ ਹਨ'। ਇਨਸਾਈਕਲੋਪੀਡੀਆ ਬ੍ਰੀਟੈਨੀਕਾ ਲਿਖਦਾ ਹੈ, "ਕਿਉਂਕਿ ਜਦੋਂ ਸਿੱਖ ਧਰਮ ਪੁਨਰਸੁਰਜੀਤ ਹੋਇਆ ਤਾਂ ਇਸ ਦੀ ਹਰ ਸ਼ਾਖਾ ਹੀ ਪੁਨਰਸੁਰਜੀਤ ਹੋਈ।" ਸੋ ਗੁਰੂ ਗੋਬਿੰਦ ਸਿੰਘ ਜੀ
ਦੀ ਮੁਰਝਾਈ ਜਾਂ ਅਲੋਪ ਹੋ ਰਹੀ ਸਿਖੀ ਨੂੰ ਪੁਨਰਸੁਰ
ਕਰਨ ਵਾਲੇ ਸਿਰਫ ਕੂਕੇ ਹੀ ਸਨ ਜਿਨ੍ਹਾਂ ਨੇ ਸਿਖ ਧਰਮ
ਹਰ ਸ਼ਾਖਾਂ ਨੂੰ ਨਵਾਂ ਜਨਮ ਦੇ ਕੇ ਪ੍ਰਫੁਲਤ ਕੀਤਾ। ਉਨ੍ਹਾਂ
ਕਠਨ ਮਰਯਾਦਾ ਨੂੰ ਅਪਣਾ ਕੇ ਕਾਇਮ ਰਖਣਾ ਵੀ ਸਿ
ਨਾਮਧਾਰੀਆਂ ਦਾ ਕੰਮ ਸੀ। ਨਿਰਸੰਦੇਹ ਇਸ ਪੁਨਰ ਪ੍ਰ
ਲਤਾ ਵਿਚ ਸਿਖੀ ਦੀ ਜਿੰਦ-ਜਾਨ 'ਚਰਿਤਰ ਉਸਾਰੂ ਮਾਰ
ਨੂੰ ਪਹਿਲ ਦਿਤੀ ਗਈ ਸੀ। ਪਰ ਅਫਸਰਾਂ ਨੂੰ ਸੂਹਾਂ ਦੇ
ਵਾਲੇ ਆਮ ਤੌਰ ਤੇ ਸਿਖ ਹੁੰਦੇ ਸਨ ਜੋ ਆਪ ਤਾਂ ਸਿਖੀ
ਪਤਿਤ ਹੋਏ ਹੁੰਦੇ ਸਨ—ਉਹ ਕੀ ਜਾਨਣ ਸਿਖੀ ਦੀ ਰਹਿ
ਮਰਯਾਦਾ ਨੂੰ ? ਗੁਰ ਉਪਦੇਸ਼ਾਂ ਤੋਂ ਉਹ ਉਂਜ ਅਣਜ
ਸਨ। ਇਸ ਲਈ ਉਨ੍ਹਾਂ ਨੇ ਆਪਣੇ ਨਿਜੀ ਵਿਚਾਰਾਂ
ਸੁਣੀਆਂ ਸੁਣਾਈਆਂ ਗੱਲਾਂ ਦੇ ਅਧਾਰ ਤੇ ਆਪਣੇ 'ਮਾਲਕ
ਨੂੰ ਇਤਲਾਹਾਂ ਦਿਤੀਆਂ। ਉਦਾਹਰਣ ਵਜੋਂ ਲੈਫਟੀਨੈ
ਕਰਨਲ ਹਚਿੰਨਸਨ ੩੦ ਜਨਵਰੀ ੧੮੭੧ ਨੂੰ ਪੰਜ
ਸਰਕਾਰ ਦੇ ਸਕੱਤਰ ਨੂੰ ਲਿਖੀ ਆਪਣੀ ਚਿਠੀ ਵਿਚ.
ਕੋਨਰ ਦੇ ਸ਼ਬਦਾਂ ਵਿਚ, ਹਵਾਲਾ ਦਿੰਦਾ ਹੋਇਆ ਕਹਿੰਦਾ
"ਫਿਰ ਵੀ ਉਹ (ਕੂਕੇ) ਆਖਰ ਹਨ ਤਾਂ ਸਿੱਖ, ਜਿਨ੍ਹਾਂ
ਧਾਰਮਿਕ ਵਿਚਾਰਾਂ ਨੂੰ ਜ਼ਰਾ ਗਲਤੀ ਨਾਲ ਸਮਝਿਆ ਗਿ
ਹੈ। (ਗੁਰੂ) ਰਾਮ ਸਿੰਘ ਗੁਰੂ ਹੋ ਸਕਦੇ ਹਨ, ਪਰ ਹੁਣ ਤੋ
ਉਨ੍ਹਾਂ ਨੇ (ਗੁਰੂ) ਤੇਗ ਬਹਾਦਰ ਤੇ ਗੁਰੂ ਗੋਬਿੰਦ (ਸਿੰ
ਵਾਲੀਆਂ ਨਿਰਾਲੀਆਂ ਵਿਸ਼ੇਸ਼ਤਾਈਆਂ ਨਹੀਂ ਦਿਖਾਈਆਂ
ਕੋਨਰ ਨੂੰ ਵੀ ਇਹ ਗੱਲ ਕਿਸੇ ਸਿੱਖ ਨੇ ਹੀ ਦਸੀ ਸੀ।
ਦੂਜੇ ਪਾਸੇ ਅੰਬਾਲੇ ਦਾ ਸੁਪਰਇੰਨਟੈਂਡੈਂਟ ਤੇ ਕਮਿਸ਼
ਟੇਲਰ ਕਹਿੰਦਾ ਹੈ "(ਗੁਰੂ) ਰਾਮ ਸਿੰਘ ਨੇ ਪੰਥ ਦਾ ਮੁਢ ਭ
ਨਾਨਕ ਵਾਲੀਆਂ ਸੁਧਾਰਕ ਲੀਹਾਂ ਤੇ ਹੀ ਬੰਨ੍ਹਿਆਂ ਹੋਵੇ
ਉਨਾਂ ਦੇ ਭੜਕਾਊ (ਜਾਂ ਜੋਸ਼ੀਲੇ) ਸੂਬੇ ਉਨ੍ਹਾਂ ਨੂੰ ਜੰਗ ਪ
ਗੁਰੂ ਗੋਬਿੰਦ ਸਿੰਘ ਦੇ ਨੇੜੇ ਲਿਜਾ ਰਹੇ ਹਨ।" ਗੁਰੂ ਗੋਬਿ
ਸਿੰਘ ਤੇ ਗੁਰੂ ਰਾਮ ਸਿੰਘ ਵਿਚਕਾਰ ਤੁਲਨਾ ਕਰਦਿ
ਦੋਰਾਹੇ ਦੇ ਸਟੇਸ਼ਨ ਦਾ ਇਕ ਅੰਗਰੇਜ਼ ਨੌਕਰ ਡੋਨੋਵੋ-
ਵਾਇਸਰਾਇ ਨੂੰ ਲਿਖੀ ਆਪਣੀ ਇਕ ਚਿਠੀ ਵਿਚ ਲਿਖ
ਹੈ, "ਇਹ (ਕੂਕਾ) ਲਹਿਰ ਵੀ ਉਸੇ ਕਿਸਮ ਦੀ ਹੀ ਹੈ
ਪਹਿਲਾ ਮੁਗਲ ਰਾਜ ਸਮੇਂ ਹੋਈ ਸੀ —ਜਦੋਂ ਮੁਸਲ
ਹਿੰਦੂਆਂ ਦੇ ਵਿਰੁਧ ਲੜੇ ਸਨ ਤਾਂ ਗੁਰੂ ਗੋਬਿੰਦ ਸਿੰਘ ਨੇ
ਧਨ ਤੇ ਬੰਦੇ ਇਸੇ ਤਰ੍ਹਾਂ ਇਕਠੇ ਕੀਤੇ ਸਨ ਜਿਸ

Sri Satguru Jagjit Singh Ji Elibrary NamdhariElibrary@gmail.com

ਹੁਣ ਹੋ ਰਿਹਾ ਹੈ, ਭਾਵੇਂ ਇਨ੍ਹਾਂ ਦੇ ਵਰਤਮਾਨ ਕੰਮਾਂ ਦਾ ਸਰਕਾਰ ਨੂੰ ਅਧਾ ਵੀ ਪਤਾ ਨਹੀਂ ਸੀ।" ਗੁਰੂ ਰਾਮ ਸਿੰਘ ਨੂੰ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਦਾ ਰੂਪ ਦਸਦਿਆਂ, ਅੰਬਾਲੇ ਦਾ ਕਮਿਸ਼ਨਰ ਮੈਕਨਬ ੪ ਨਵੰਬਰ ੧੮੭੧ ਨੂੰ ਲਿਖਦਾ ਹੈ, "ਪਹਿਲੇ ਕਾਗਜ਼ਾਂ ਤੋਂ ਪਤਾ ਲੱਗਦਾ ਹੈ ਕਿ (ਗੁਰੂ) ਰਾਮ ਸਿੰਘ ਨੂੰ ਪਹਿਲਾਂ ਗੁਰੂ ਨਾਨਕ ਦਾ ਉਤਰਾਧਿਕਾਰੀ ਜਾਂ ਪਰਤਖ, ਨਾਨਕ ਰੂਪ ਸਮਝਿਆ ਜਾਂਦਾ ਸੀ ਪਰ ਹੁਣ ਉਹ ਜੋਧੇ ਗੁਰੂ ਗੋਬਿੰਦ ਸਿੰਘ ਦਾ ਰੂਪ ਹਨ।"

ਸਦਾਚਾਰ, ਨਾਮਧਾਰੀ ਪ੍ਰਚਾਰ ਦਾ ਮੁਖ ਹਿਸਾ ਹੀ ਨਹੀਂ ਸਗੋਂ ਪਹਿਲ ਸਦਾਚਾਰ ਦੀ ਹੁੰਦੀ ਸੀ। ਜੋ ਲੋਕ ਦੁਰਾਚਾਰ ਨਹੀਂ ਸਨ ਤਿਆਗ ਸਕਦੇ ਉਹ ਕੂਕੇ ਬਣ ਵੀ ਨਹੀਂ ਸਨ ਸਕਦੇ ਤੇ ਬਣਾਏ ਜਾਂਦੇ ਵੀ ਨਹੀਂ ਸਨ। ਸਰਕਾਰੀ ਰਿਪੋਰਟਾਂ ਦਸਦੀਆਂ ਹਨ ਕਿ ਰਾਜਾ ਸਾਂਸੀ (ਅਮ੍ਰਿਤਸਰ) ਦੇ ਸਰਦਾਰ ਜੋ ਕੁਛ ਸ਼ਰਧਾ ਗੁਰੂ ਰਾਮ ਸਿੰਘ ਤੇ ਜ਼ਰੂਰ ਰਖਦੇ ਸਨ, ਮਾਸ ਸ਼ਰਾਬ ਦੇ ਆਦੀ ਹੋਣ ਕਾਰਨ ਕੂਕੇ ਨਹੀਂ ਸਨ ਬਣ ਸਕੇ। ਇਸ ਗੱਲ ਦਾ ਜ਼ਿਕਰ ਜਨਵਰੀ ੧੮੬੭ ਦੀ ਰਿਪੋਰਟ ਵਿਚ ਕੈਪਟਨ ਵਾਲ ਨੇ ਵੀ ਕੀਤਾ ਹੈ। ਗਿ: ਗਿਆਨ ਸਿੰਘ ਨੇ ਕੂਕਿਆਂ ਦੇ ਪਰਚਾਰ ਬਾਰੇ ਪੰਥ ਪ੍ਰਕਾਸ਼ ਵਿਚ ਲਿਖਿਆ ਸੀ—

ਹੁਕੇ ਛਡਵਾਏ ਰਖਵਾਏ ਕੇਸ ਮੋਨਿਯੋਂ ਕੇ,
ਸੁਧਾ ਛਕ ਥਾਏ ਸਿਖ ਭਾਗ ਜਿਨੈ ਜਾਗਿਓ।
ਫੈਲਿਓ ਜਸ ਭਾਰੀ ਸਿਖ ਥੀਏ ਤਾਂਹਿ ਕੇ ਅਪਾਰੀ,
ਸਿਖ ਪੰਥ ਬਿਰਧਾਨੋ, ਨਾਮ ਰਸ ਪਾਗਿਓ।...
ਫੀਮ ਭੰਗ ਪੋਸਤ ਸ਼ਰਾਬ ਮਾਸ ਚੋਰੀ ਯਾਰੀ,
ਠਗੀ ਤਜ ਥੀਏ ਸੰਤ ਸਤਿਜੁਗ ਆ ਗਿਓ।"

ਇਸ ਸਚਾਈ ਨੂੰ ਕਈ ਸਰਕਾਰੀ ਰਿਪੋਰਟਾਂ ਵਿਚ ਵੀ ਦੇਖਿਆ ਜਾ ਸਕਦਾ ਹੈ। ਭਾਵੇਂ ਪ੍ਰਸਪਰ ਵਿਰੋਧ ਵਾਲੀ ਗਲ ਇਸ ਸਬੰਧ ਵਿਚ ਵੀ ਘਟ ਨਹੀਂ। ਸਭ ਤੋਂ ਪਹਿਲਾਂ, ਇਸ ਬਾਰੇ ਜਲੰਧਰ ਦਾ ਡਿਪਟੀ ਕਮਿਸ਼ਨਰ, ਕੈਪਟਨ ਐਲਫਿਨਸਟਨ ਦਸਦਾ ਹੈ ਕਿ ਜਲੰਧਰ ਦਾ ਇਕ ਬ੍ਰਾਹਮਣ ਮਨੀ ਰਾਮ ਕੂਕਾ ਬਣਿਆ ਸੀ ਜੋ ਹੁਣ ਪੰਥ ਵਿਚੋਂ ਇਸ ਕਰਕੇ ਨਿਕਲਣਾ ਚਾਹੁੰਦਾ ਹੈ ਕਿ ਇਹ ਪੰਥ ਭ੍ਰਸ਼ਟਾ-ਚਾਰੀ ਹੋ ਗਿਆ ਹੈ। ਇਸ ਤੋਂ ਅਗੋਂ ਪਿਛੋਂ ਕਿਸੇ ਇਕ ਅਧ ਇਤਲਾਹ ਨੂੰ ਛਡਕੇ, ਬਾਕੀ ਸਭ ਥਾਵਾਂ ਤੇ ਕੈਪਟਨ ਐਲਫਿਨਸਟਨ ਦੇ ਵਿਚਾਰਾਂ ਦੀ ਵਿਰੋਧਤਾ ਮਿਲੇਗੀ। ਦੂਰ ਜਾਣ ਦੀ ਲੋੜ ਨਹੀ —ਕੇਂਦਰੀ ਪੁਲਸ ਦਫਤਰ ਲਾਹੌਰ ਤੋਂ ਜਨਵਰੀ ੧੮੬੭ ਵਿਚ ਜਾਰੀ ਹੋਈ ਇਕ ਚਿਠੀ ਵਿਚ ਇਸੇ ਮਨੀ ਰਾਮ ਦੇ ਬਿਆਣ ਦਾ ਹਵਾਲਾ ਦੇ ਕੇ ਲਿਖਿਆ ਗਿਆ ਹੈ "ਛਪੇ ਹੋਏ ਯਾਦ ਪਤਰ ਵਿਚ ਇਹ ਵੀ ਦਰਜ ਹੈ ਕਿ ਇਕ ਬ੍ਰਾਹਮਣ ਮਨੀ ਰਾਮ, ਪੰਥ ਵਿਚ ਭ੍ਰਸ਼ਟਾਚਾਰੀ ਹੋਣ ਕਾਰਨ, ਇਸ ਨੂੰ ਤਿਆਗਣ ਦਾ ਵਿਚਾਰ ਕਰ ਰਿਹਾ ਹੈ, ਪਰ ਜਿਵੇਂ ਹੁਣ ਦੇਖਿਆ ਜਾ ਸਕਦਾ ਹੈ ਦੂਜੇ ਵੇਰਵੇ ਇਸ ਗੱਲ ਦੀ ਪ੍ਰੋੜਤਾ ਕਰਦੇ ਹਨ ਕਿ ਕੂਕਾ ਰਹਿਤ ਵਿਚ ਸਦਾਚਾਰ ਇਕ ਉਘਾ ਨੇਮ ਹੈ।" ੧੮੬੬ ਵਿਚ ਮੇਜਰ ਪਰਕਿਨਜ਼ ਨੇ ਇਸੇ ਗੱਲ ਨੂੰ ਵਿਸਥਾਰ ਦਿੰਦਿਆਂ ਲਿਖਿਆ ਸੀ, "ਕੂਕਾ ਬਣਨ ਵੇਲੇ ਝੂਠ, ਚੋਰੀ, ਸ਼ਰਾਬ ਖੋਰੀ ਤੇ ਭ੍ਰਿਸ਼ਟਾਚਾਰ ਆਦਿ ਸਾਰੇ ਵਿਕਾਰ ਤੇ ਦੋਸ਼ ਤਿਆਗਣ ਪੈਂਦੇ ਹਨ। ਜੋ ਕੋਈ ਇਨ੍ਹਾਂ ਕਾਨੂੰਨਾਂ ਨੂੰ ਭੰਗ ਕਰਦੇ ਹਨ ਉਨ੍ਹਾਂ ਨੂੰ ਪੰਚਾਇਤੀ ਤੌਰ ਤੇ ਸਜ਼ਾਵਾਂ ਦਿਤੀਆਂ ਹਨ।"

ਸਤਿਗੁਰੂ ਰਾਮ ਸਿੰਘ ਦੇ ਨਿਜੀ ਨਿਤਕਰਮ ਬਾਰੇ, ਹੁਸ਼ਿਆਰਪੁਰ ਪੁਲਸ ਦਾ ਇਨਸਪੈਕਟਰ ਫਜ਼ਲ ਹੁਸੈਨ ਲਿਖਦਾ ਹੈ, "(ਗੁਰੂ) ਰਾਮ ਸਿੰਘ ਦਿਨ ਵਿਚ ਤਿੰਨ ਵਾਰ ਇਸ਼ਨਾਨ ਕਰਦੇ ਹਨ, ਤੇ ਹਰ ਰੋਜ਼ ਤੜਕੇ ਦੋ ਵੇਲੇ ਗ੍ਰੰਥ (ਸਾਹਿਬ) ਦਾ ਪਾਠ ਕਰਦੇ ਹਨ—ਜਿਸ ਦੀ ਉਨ੍ਹਾਂ ਨੂੰ ਪੂਰੀ ਸਮਝ ਤੇ ਗਿਆਨ ਹੈ। ਉਹ ਹਰ ਭੈੜੀ ਚੀਜ਼ ਨੂੰ ਨਫਰਤ ਕਰਦੇ ਹਨ।" ਪੰਜਾਬ ਪੁਲਸ ਦਾ ਇਨਸਪੈਕਟਰ ਜਨਰਲ ੧੮ ਜਨਵਰੀ ੧੮੭੧ ਦੀ ਆਪਣੀ ਚਿਠੀ ਵਿਚ ਉਨ੍ਹਾਂ ਦੇ ਪਰਚਾਰ ਨੂੰ ਭ੍ਰਸ਼ਟਾਚਾਰੀ ਕਹਿੰਦਾ ਹੈ ਪਰ ਦੂਜੇ ਪਾਸੇ ਲੁਧਿਆਣਾ ਦਾ ਕਾਇਮ ਮੁਕਾਮ ਡੀ. ਸੀ. ਚਾਰਲਸ ਇਲੀਅਟ ਇਸ ਪਰਚਾਰ ਨੂੰ ਧਾਰਮਕ ਤੇ ਸਦਾਚਾਰਕ ਮੰਨਦਾ ਹੈ। ਗੁਰੂ ਰਾਮ ਸਿੰਘ ਜੀ ਦਾ ਮੁਖ ਉਪਦੇਸ਼, ਜਨਵਰੀ ੧੮੬੭ ਦੇ ਯਾਦ ਪਤਰ ਅਨੁਸਾਰ, ਇਹ ਸੀ ਕਿ ਚੋਰੀ ਨਾ ਕਰੋ, ਝੂਠ ਜਾਂ ਮੰਦਾ ਨਾ ਬੋਲੋ ਕਿਸੇ ਬੁਰੇ ਦੀ ਸੰਗਤ ਨਾ ਕਰੋ ਤੇ ਨਾ ਹੀ ਕਿਸੇ ਦੇ ਐਬ ਤੇ ਪਰਦਾ ਪਾਓ। ਤਾ ਫਿਰ ਉਹ ਆਪ ਪੰਜਾਬੇ ਦੀ ਵਡੀ ਰਕਮ ਮਾਰਕੇ ਕਿਵੇਂ ਜਾ ਸਕਦੇ ਸਨ। ਜਿਸ ਦਾ ਜ਼ਿਕਰ ਫਰਵਰੀ ੬੭ ਵਿਚ ਬਾਰੰਟਨ ਕਰਦਾ ਹੈ ? ਮੈਕਨਬ ਦਾ ਵਿਸ਼ਵਾਸ ਸੀ ਕਿ "ਇਸ

Sri Satguru Jagjit Singh Ji Elibrary NamdhariElibrary@gmail.com

ਪੰਥ ਦੇ ਮੁਢਲੇ ਮੰਤਵਾਂ ਵਿਚੋਂ ਇਕ ਸੀ। ਭ੍ਰਿਸ਼ਟਾਚਾਰ ਤੇ ਬਦਫੈਲੀ ਦੀ ਸਖਤ ਮਨਾਹੀ ਕਰਨੀ। ਉਨ੍ਹਾਂ ਗੁਰੂ ਰਾਮ ਸਿੰਘ ਦੇ ਆਪਣੇ ਚਰਿਤਰ ਵਿਰੁਧ ਮੈਂ ਕੋਈ ਦੋਸ਼ ਨਹੀਂ ਸੁਣਿਆ।

ਸਰਕਾਰੀ ਕਾਗਜ਼ਾਂ ਤੋਂ ਇਹ ਵੀ ਸਪਸ਼ਟ ਹੁੰਦਾ ਹੈ ਕਿ ਕੂਕੇ ਸਿਰਫ ਗਰੀਬ ਤੇ ਨੀਵੀਆਂ ਜਾਤਾਂ ਵਿਚੋਂ ਹੀ ਬਣ ਰਹੇ ਸਨ ਜਿਸ ਕਾਰਨ ਇਸ ਪੰਥ ਨੂੰ ਕੋਈ ਮਹੱਤਤਾ ਦਿਤੀ ਜਾਣੀ ਯੋਗ ਤੇ ਜ਼ਰੂਰੀ ਨਹੀਂ ਸੀ ਸਮਝੀ ਜਾਂਦੀ। ਪਰ ਇਹ ਗੱਲ ਸੀ ਅਸਲ ਵਿਚ ਗਲਤ। ਸ. ਹੀਰਾ ਸਿੰਘ, ਲਹਿਣਾ ਸਿੰਘ ਤੇ ਸ. ਮੰਗਲ ਸਿੰਘ ਆਦਿ ਵਰਗੇ ਸਰਦਾਰ ਘਰਾਣਿਆਂ ਵਿਚੋਂ ਸਨ। ਸਰਦਾਰ ਮੰਗਲ ਸਿੰਘ ਤਾਂ ਮਹਾਰਾਜਾ ਪਟਿਆਲਾ ਦਾ ਸਬੰਧੀ ਸੀ। ਪੰਜਾਬ ਪੁਲਸ ਦੇ ਇਨਸਪੈਕਟਰ ਜਨਰਲ ਨੇ ੧੮੬੩ ਵਿਚ ਤਿਆਰ ਕੀਤੇ ਯਾਦ ਪੱਤਰ ਵਿਚ ਕਿਹਾ ਸੀ "ਉਨ੍ਹਾਂ (ਗੁਰੂ ਰਾਮ ਸਿੰਘ) ਦੇ ਸਿਖ ਅਣਗਿਣਤ ਹਨ ਪਰ ਹਨ ਨੀਵੀਆਂ ਜਾਤਾਂ ਵਿਚੋਂ।" ੧੮੬੭ ਦੇ ਯਾਦ ਪੱਤਰ ਵਿਚ ਸਰਕਾਰ ਨੂੰ ਮੰਨਣਾ ਪਿਆ ਕਿ ਸਰਦਾਰ ਮੰਗਲ ਸਿੰਘ ਜਗੀਰਦਾਰ ਨੇ, ਕਿਸੇ ਬਗਾਵਤ ਦੀ ਹਾਲਤ ਵਿਚ, ਕੂਕਿਆਂ ਨੂੰ ਮਦਦ ਦੇਣ ਦੀ ਹਾਮੀ ਭਰੀ ਸੀ। ਫਰਵਰੀ ੧੮੬੭ ਵਿਚ ਹੀ ਟਰਟਨ ਸਮਿਥ ਨੇ ਲਿਖਿਆ ਸੀ ਕਿ ਕਈ ਪਾਸਿਆਂ ਤੋਂ ਪ੍ਰਾਪਤ ਹੋਈਆਂ ਅਫਵਾਹਾਂ ਅਨੁਸਾਰ ਮਹਾਰਾਜਾ ਪਟਿਆਲਾ ਵੀ ਕੂਕਾ ਬਣ ਗਿਆ ਸੀ। ਲੈਫਟੀਨੈਂਟ ਗਵਰਨਰ ਪੰਜਾਬ ਦੇ ਵਿਚਾਰ ਲਿਖਦਿਆਂ ਪੰਜਾਬ ਸਰਕਾਰ ਦੇ ਸਕਤਰ ਨੇ ਹਿੰਦ ਸਰਕਾਰ ਦੇ ਸਕਤਰ ਨੂੰ ੨੨ ਫਰਵਰੀ ੧੮੭੨ ਨੂੰ ਲਿਖਿਆ ਸੀ "ਕੁਛ ਵਰ੍ਹੇ ਪਹਿਲਾਂ ਤਕ ਕਿਸੇ ਚੰਗੇ ਘਰਾਣੇ ਦੇ ਆਦਮੀ ਇਸ 'ਨਵੇਂ' ਪੰਥ ਵਿਚ ਸ਼ਾਮਲ ਨਹੀਂ ਸੀ ਪਰ ਹੁਣ ਸਰਦਾਰ ਤੇ ਚੰਗੇ ਘਰਾਣਿਆਂ ਦੇ ਲੋਕ ਆਪਣੇ ਆਪਨੂੰ ਕੂਕੇ ਮੰਨਦੇ ਹਨ। ਜਿਸ ਦਾ ਭਾਵ ਸੀ ਕਿ ਕੁਝ ਸਾਲ ਪਹਿਲਾਂ ਕੋਈ ਚੰਗੇ ਘਰ ਦਾ ਬੰਦਾ ਕੂਕਾ ਨਹੀਂ ਸੀ ਸਿਰਫ ੧੮੭੨ ਵਿਚ ਹੀ ਬਣੇ ਹਨ। ਪਰ ਗਵਰਨਰ ਦੇ ਝੂਠੇ ਅਨੁਮਾਨਾਂ ਦਾ ਭਾਂਡਾ ਉਸੇ ਦੇ ਹੇਠਲੇ ਅਫਸਰਾਂ ਦੀਆਂ ਰਿਪੋਰਟਾਂ ਤੋਂ ਹੀ ਚੰਗੀ ਤਰ੍ਹਾਂ ਭਜ ਜਾਂਦਾ ਹੈ ਜਿਨ੍ਹਾਂ ਅਨੁਸਾਰ ਅੰਮ੍ਰਿਤਸਰ ਦੀ ਦੀਵਾਲੀ ਤੇ ਚੰਗੇ ਸਰਦੇ ਪੁਜਦੇ ਲੋਕ, ਸਮੇਤ ਸ਼ਰਦਾਰ ਸ਼ਮਸ਼ੇਰ ਸਿੰਘ ਰਾਜਾ ਸਾਂਸੀ ਦੇ, ਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨੂੰ ਆਏ ਸਨ। ਅਨੰਦ ਪੁਰ ਦੇ ਹੋਲੇ ਵਿਚ (੧੮੬੭ ਈ:) ਸੋਢੀ ਪਰਤਾਪ ਸਿੰਘ ਰਸੌਲੀਵਾਲਾ ਤੇ ਉਸਦਾ ਪੁਤਰ ਦੇਵਾ ਸਿੰਘ ਨਵੇਂ ਬਣੇ ਕੂਕਿਆਂ ਵਿਚ ਸ਼ਾਮਲ ਸਨ। ਕੁਛ ਸੋਢੀ ਅਜੇ ਪੰਥ ਵਿਚ ਸ਼ਾਮਲ ਨਹੀਂ ਸਨ ਹੋਏ ਪਰ ਰਿਪੋਰਟ ਵਿਚ ਉਨ੍ਹਾਂ ਨੂੰ ਵੀ ਗਿਣਿਆ ਗਿਆ ਹੈ। ੧੮੬੮ ਵਿਚ ਹੀ ਕਾਬਲ ਦੇ ਕਿਸੇ ਅਮੀਰ ਅਬਦੁਲ ਰਜ਼ਾਕ, ਦੇ ਦੋ ਲੜਕਿਆਂ ਦੇ ਭੇਣੀ ਸਾਹਿਬ ਆਉਣ ਦਾ ਜ਼ਿਕਰ ਵੀ ਰਿਪੋਰਟਾਂ ਵਿਚੋਂ ਮਿਲਦਾ ਹੈ। ਫਿਰ ਕੈਪਟਨ ਮੈਨਜ਼ੀ ਨੇ ਆਪਣਾ ਇਕ ਸੂਹਾ ਭੈਣੀ ਸਾਹਿਬ ਇਸੇ ਸਾਲ ਭੇਜਿਆ ਸੀ ਜਿਸ ਅਨੁਸਾਰ ਮੰਗਲ ਸਿੰਘ ਨੇ (ਪਟਿਆਲੇ ਵਾਲੇ) ਨੇ ਸਤਿਗੁਰੂ ਜੀ ਨੂੰ ਦਸਿਆ ਕਿ ਉਸਦੀ ਬਦਲੀ ਧੌਲਪੁਰ ਦੀ ਹੋ ਗਈ ਹੈ ਜਿਥੋਂ ਉਹ ਉਨ੍ਹਾਂ (ਗੁਰੂ ਰਾਮ ਸਿੰਘ ਜੀ ਨੂੰ) ੨੦੦ ਰੁਪਿਆ ਮਾਹਵਾਰ ਭੇਜਿਆ ਕਰੇਗਾ।

ਗਿ: ਗਿਆਨ ਸਿੰਘ ਦੇ ਸ਼ਬਦਾਂ ਵਿਚ ਪਹਿਲਾਂ ਦਸਿਆ ਜਾ ਚੁਕਾ ਹੈ ਕਿ ਸਤਿਗੁਰੂ ਰਾਮ ਸਿੰਘ ਦੇ ਪਰਚਾਰ ਨੂੰ ਆਮ ਜਨਤਾ ਨੇ ਬੜੀ ਛੇਤੀ ਕਬੂਲਿਆ। ਲੋਕੀ ਕੁਰਹਿਤਾਂ ਛਡ ਕੇ, ਅੰਮ੍ਰਿਤ ਛਕ ਕੇ ਸਿੰਘ ਸਜਣੇ ਸ਼ੁਰੂ ਹੋ ਗਏ ਸਨ। ਫਲ ਸਰੂਪ ਪਿੰਡਾਂ ਦੇ ਪਿੰਡ ਨਾਮਧਾਰੀ ਬਣਨ ਲਗ ਪਏ ਸਨ। ਕਸਬਿਆਂ ਤੇ ਚੰਗੇ ਸ਼ਹਿਰਾਂ ਦੇ ਲੋਕ ਵੀ ਪਿਛੇ ਨਹੀਂ ਸਨ। ਮੌਲਵੀ ਗੁਲਾਮ ਭੀਖ ਜਲੰਧਰੀ, ਤਾਰੀਖੇ ਵਾਕਈ ਵਿਚ, ਇਸ ਬਾਰੇ ਚੰਗੇ ਵਿਸਤਾਰ ਨਾਲ ਲਿਖਦਾ ਹੋਇਆ ਕਹਿੰਦਾ ਹੈ ਕਿ 'ਇਸ ਮੁਜਦ ਕੀ ਜ਼ਿੰਦਗੀ ਮੇਂ ਲਾਖੋਂ ਕੂਕਾ ਹੋ ਗਿਆ' ਪਰ ਅੰਗਰੇਜ਼ ਅਫਸਰ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਸਨ। ਕੈਪਟਨ ਮੈਨਜ਼ੀ ਦੀ ਇਤਲਾਹ ਅਨੁਸਾਰ ੧੮੬੩ ਵਿਚ ਸਿਰਫ ੪੦,੦੦੦ ਕੂਕੇ ਹੀ ਸਨ, ਜਦ ਕਿ ਸਤੰਬਰ ੧੮੬੬ ਦਾ ਮੇਜਰ ਪਰਕਿਨਜ਼ ਦਾ ਅਨੁਮਾਨ ੬੦,੦੦੦ ਤੋਂ ਵਧ ਨਹੀਂ ਸੀ। ਇਸੇ ਸਾਲ ਦੇ ਅਕਤੂਬਰ ਵਿਚ ਕੈਪਟਨ ਬੁਲੌਕ ਦੀ ਰਿਪੋਰਟ ਸੀ ਕਿ ਗੁਰੂ ਰਾਮ ਸਿੰਘ ਜੀ ਨੇ ਸਿਆਲਕੋਟ ਦੇ ਇਲਾਕੇ ਵਿਚ ੮੦,੦੦੦ ਮਾਲਾ ਵੰਡੀ ਸੀ। ਮਾਲਾ ਨਵੇਂ ਬਣੇ ਕੂਕੇ ਨੂੰ ਹੀ ਦਿਤੀ ਜਾਂਦੀ ਸੀ ਜਿਸ ਦਾ ਭਾਵ ਇਹ ਸਮਝਣਾ ਚਾਹੀਦਾ ਹੈ ਕਿ ਜੇ ਸਿਰਫ ਸਿਆਲਕੋਟ ਦੇ ਇਲਾਕੇ ਵਿਚ ਨਾ ਸਹੀ ਤਾਂ ਵੀ ਉਸ ਸਮੇਂ ਵਿਚ ਇੰਨੇ ਕੂਕੇ ਨਵੇਂ ਬਣੇ ਸਨ। ਪੁਰਾਣੀ ਗਿਣਤੀ ਮਾਲਾ ਲੈਣ ਵਾਲਿਆਂ ਵਿਚ ਸ਼ਾਮਲ ਨਹੀਂ ਹੋਣੀ ਚਾਹੀਦੀ। ਕੈਪਟਨ ਵਾਲ ਅਨੁਸਾਰ ਉਸ ਸਮੇਂ ੨੦੦੦ ਦੇ ਲਗਪਗ

Sri Satguru Jagjit Singh Ji Elibrary NamdhariElibrary@gmail.com

ਕੂਕਾ ਤਾਂ ਗੁਜਰਾਂਵਾਲੇ ਵਿਚ ਹੀ ਸੀ ਤੇ ਮੇਜਰ ਪਰਕਿਨਜ਼ ਦੇ ਅਨੁਮਾਨ ਅਨੁਸਾਰ ਇੰਨਾਂ ਕੁ ਲੁਧਿਆਣੇ ਵਿਚ ਵੀ ਸੀ। ਨੇਪਾਲ ਦੇ ਰਾਣੇ ਜੰਗ ਬਹਾਦਰ ਨੇ ੧੮੭੧ ਵਿਚ ਅੰਗਰੇਜ਼ ਰੈਜ਼ੀਡੈਂਟ ਨੂੰ ਪੰਜਾਬ ਦੇ ਕੂਕਿਆਂ ਦੀ ਗਿਣਤੀ ੩੦੦੦੦੦ (ਤਿੰਨ ਲੱਖ) ਦਸੀ ਸੀ ਜਿਸ ਤੋਂ ਮਹਾਰਾਜਾ ਆਪ ਵੀ ਪ੍ਰਭਾਵਤ ਸੀ।

ਸਤਿਗੁਰੂ ਰਾਮ ਸਿੰਘ ਜੀ ਦੀ ਹਜ਼ੂਰੀ ਵਿਚ ਦੋ ਹੋਲੇ ਅਨੰਦਪੁਰ ਵਿਚ ਕੀਤੇ ਗਏ ਸਨ। ਪਹਿਲਾ ੧੮੬੭ ਵਿਚ ਤੇ ਦੂਜਾ ੧੮੭੧ ਵਿਚ। ਪਹਿਲੇ ਹੋਲੇ ਬਾਰੇ ਸਰਕਾਰੀ ਲਿਖਤਾਂ ਵਿਚ ਕਾਫੀ ਚਰਚਾ ਕੀਤੀ ਮਿਲਦੀ ਹੈ ਪਰ ਦੂਜੇ ਬਾਰੇ ਕੋਈ ਖ਼ਾਸ ਵਰਨਣ ਨਹੀਂ ਹੈ। ਇਸ ਪਹਿਲੇ ਹੋਲੇ ਤੇ ਬਹੁਤ ਕੂਕੇ ਅਨੰਦਪੁਰ ਪੁਜੇ ਸਨ। ਇਥੇ ਨਾਮਧਾਰੀ ਹਾਜ਼ਰੀ ਬਾਰੇ ਸਰਕਾਰੀ ਅਫਸਰਾਂ ਦੇ ਬਿਆਨਾਂ ਵਿਚ ਵੀ ਲੋਹੜੇ ਦਾ ਫਰਕ ਹੈ। ਹੁਸ਼ਿਆਰਪੁਰ ਪੁਲਸ ਦਾ ਇਨਸਪੈਕਟਰ, ਫਜ਼ਲ ਹੁਸੈਨ ਜੋ ਇਸ ਮੇਲੇ ਵਿਚ ਵਿਸ਼ੇਸ਼ ਤੌਰ ਤੇ ਇਤਲਾਹ ਇਕੱਠੀ ਕਰਨ ਲਈ ਲਾਇਆ ਗਿਆ ਸੀ, ਮੇਲੇ ਵਿਚ ਕੂਕਿਆਂ ਦੀ ਗਿਣਤੀ ੨,੦੦੦ ਲਿਖਦਾ ਹੈ ਜਿਨ੍ਹਾਂ ਵਿਚੋਂ ਦੋ ਤਿਹਾਈ ਨੌਜੁਆਨ ਤੇ ਇਕ ਤਿਹਾਈ ਔਰਤਾਂ ਸਨ ਪਰ ਲਾਹੌਰ ਦਾ ਡਿਪਟੀ ਇਨਸਪੈਕਟਰ ਜਨਰਲ (ਪੁਲਸ) ਕਰਨਲ ਮੈਕਐਂਡਰੀਊ ਕਹਿੰਦਾ ਹੈ ਕਿ ਗੁਰੂ ਜੀ ਨਾਲ ਕੇਵਲ ੨੦ ਕੁ ਘੋੜ ਸਵਾਰ ਤੇ ੨੫੦੦ ਪੈਦਲ ਯਾਤਰੂ ਸਨ। ਅਗੇ ਚੱਲ ਕੇ ਇਹੋ ਕਰਨਲ ਕਹਿੰਦਾ ਹੈ ਕਿ ਸ਼ਾਮਿਆਨੇ ਹੇਠਾਂ ਬੈਠੇ ਸਿਖਾਂ ਦੀ ਗਿਣਤੀ ੫੦੦੦ ਦੇ ਲਗਪਗ ਸੀ।

ਗੁਰੂ ਕੀ ਨਗਰੀ ਅੰਮ੍ਰਿਤਸਰ ਵਿਚ ਹਰਮੰਦਰ ਸਾਹਿਬ ਦੇ ਕੋਲ ਇਕ ਬੁਚੜਖਾਨਾ ਅੰਗਰੇਜ਼ ਸਰਕਾਰ ਵਲੋਂ ਅਖੌਤੀ ਸਿਖ ਆਗੂਆਂ ਦੀ ਪਰਵਾਨਗੀ ਨਾਲ ਖੋਲ੍ਹਿਆ ਗਿਆ ਸੀ। ਸਰੋਵਰ ਦੀ ਪਵਿਤਰਤਾ ਭੰਗ ਹੋਣ ਲਗ ਪਈ ਸੀ। ਇਹ ਅੰਗਰੇਜ਼ ਲੋਕ ਜੁਤੀਆਂ ਪਾਕੇ ਦਰਬਾਰ ਸਾਹਿਬ ਦੀ ਪ੍ਰਕਰਮਾ ਵਿਚ ਫਿਰਨ ਲਗ ਪਏ ਸਨ। ਬਹੁਤੇ ਸਿਖਾਂ ਨੇ ਹਿਕਾਂ ਤੇ ਇਹ ਲੂਣ ਪਿਸਾਉਣਾ ਸਵੀਕਾਰ ਕਰ ਲਿਆ ਸੀ, ਪਰ ਕੂਕੇ ਮੈਦਾਨ ਵਿਚ ਨਿਤਰੇ। ਉਨ੍ਹਾਂ ਨੇ ੧੪ ਜੂਨ ੧੮੭੧ ਦੀ ਰਾਤ ਨੂੰ ਬੁਚੜਖਾਨੇ ਤੇ ਹਮਲਾ ਕੀਤਾ। ਚਾਰ ਬੁਚੜ ਮਾਰੇ ਗਏ ਤੇ ਤਿੰਨ ਅਧਮੋਏ ਰਹਿ ਗਏ। ਪੁਲਸ ਦੋਸ਼ੀਆਂ ਨੂੰ ਲੱਭਣ ਤੋਂ ਅਸਮਰਥ ਰਹੀ ਜਿਸ ਕਾਰਨ ੧੨ ਬੇਦੋਸ਼ੇ ਬੰਦਿਆਂ ਨੂੰ ਤਸੀਹੇ ਦੇ ਕੇ, ਉਨ੍ਹਾਂ ਤੋਂ ਦੋਸ਼ ਮੰਨਵਾ ਕੇ ਫਾਂਸੀ ਦੀ ਸਜ਼ਾ ਦੇਣ ਦਾ ਫੈਸਲਾ ਕਰ ਲਿਆ ਗਿਆ। ਮਿਸਲ ਤਿਆਰ ਕਰ ਕੇ ਸੈਸ਼ਨ ਜੱਜ ਕੋਲ ਭੇਜੀ ਜਾ ਚੁਕੀ ਸੀ। ਇਸੇ ਸਮੇਂ ਵਿਚ ਅਸਲ ਦੋਸ਼ੀ ਸਿੰਘ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨੂੰ ਭੈਣੀ ਸਾਹਿਬ ਗਏ। ਸਤਿਗੁਰੂ ਜੀ ਨੇ ਦੋਸ਼ੀਆਂ ਨੂੰ ਹੁਕਮ ਕੀਤਾ ਕਿ ਉਹ ਅੰਮ੍ਰਿਤਸਰ ਵਿਚ ਤਸੀਹੇ ਝਲ ਰਹੇ ਬੇਦੋਸ਼ਿਆਂ ਨੂੰ ਛਡਾਉਣ ਹਿਤ ਆਪ ਪੇਸ਼ ਹੋ ਕੇ ਆਪਣਾ ੋਸ਼ ਸਵੀਕਾਰ ਕਰਨ।

ਪੁਲਸ ਇਸ ਮੁਕਦਮੇ ਵਿਚ ਅਸਫਲ ਰਹੀ ਸੀ ਤੇ ਹੁਣ ਪੁਲਸ ਅਫਸਰ ਇਹ ਕਿਵੇਂ ਚਾਹੁੰਦੇ ਕਿ ਕਾਗਜ਼ਾਂ ਵਿਚ ਸਿੰਘਾਂ ਦੇ ਆਪ ਪੇਸ਼ ਹੋਣ ਦੀ ਗੱਲ ਲਿਖ ਕੇ ਉਹ ਕਲੰਕ ਲੁਆਉਣ। ਉਨ੍ਹਾਂ ਨੇ ਗੱਲ ਘੜ ਲਈ ਕਿ ਰਾਇਕੋਟ ਦੇ ਹਮਲੇ ਪਿਛੋਂ ਦੋਸ਼ੀਆਂ ਦਾ ਸੁਰਾਗ ਮਿਲਣ ਤੇ ਪੁਲਸ ਨੇ ਦੋਸ਼ੀ ਸਿੰਘ ਲੱਭੇ ਹਨ। ਇਸ ਘਟਨਾ ਬਾਰੇ ੧੮੮੩ ਵਿਚ, ਪੰਜਾਬ ਯੂਨੀਵਰਸਿਟੀ ਦੇ ਅਧਿਆਪਕ ਡਾ: ਲਾਈਟਨਰ ਦੀ ਪਰਵਾਨਗੀ ਨਾਲ ਛਪੇ ਇਕ ਗ੍ਰੰਥ ਗੁਰੂ ਸਿੰਘ ਇਤਿਹਾਸ ਵਿਚ ਵੀ ਕਾਫੀ ਵਿਸਥਾਰ ਨਾਲ ਲਿਖਿਆ ਗਿਆ ਹੈ। 'ਇਕ ਦਿਨ ਲੁਦੇਹਾਨੇ ਸਿੰਘਾਂ ਦਾ ਦਿਵਾਨ ਲੱਗਾ ਸਾ ਅਤੇ ਭਜਨ ਹੋ ਰਿਹਾ ਸਾ ਬਾਬੇ ਰਾਮ ਸਿੰਘ ਜੀ ਨੇ ਆਖਿਆ ਸਿੰਘੋ ਅੰਮ੍ਰਿਤਸਰ ਵਿਚ ਬਿਚਾਰਿਆਂ ਖਤ੍ਰੀਆਂ ਨੂੰ ਬੜਾ ਦੁਖ ਪਹੁੰਚ ਰਿਹਾ ਹੈ ਜੇ ਤੁਹਾਥੀਂ ਗੁਰੂ ਦਾ ਭਾਣਾ ਵਰਤ ਗਿਆ ਹੈ ਤਾਂ... ਦੋ ਵੇਰਾਂ ਤਾਂ ਨਹੀਂ ਮਰੀਦਾ।' ਗੁਰ ਸਿੰਘ ਇਤਿਹਾਸ ਦੇ ਲੇਖਕ ਅਨੁਸਾਰ "ਸੋ ਕਈ ਸਿੰਘ ਉਠੇ ਪਰ ਬੀਕਾ ਸਿੰਘ (ਬੀਹਲਾ ਸਿੰਘ) ਜੱਟ ਨਾਰਲੀ ਦਾ, ਹਾਕਮ ਸਿੰਘ ਖਤ੍ਰੀ... ਇਨ੍ਹਾਂ ਸਾਹਿਬਾਂ ਨੂੰ ਆਖਿਆ ਇਹ ਭਾਣਾ ਅਸਾਂ ਇਸ ਲਈ ਵਰਤਾਇਆ ਹੈ ਕਿ ਗੋ ਹਤਿਆ ਬੰਦ ਹੋ ਜਾਏ।...ਜਾਂ ਇਨ੍ਹਾਂ ਸਾਰੇ ਪੂਰੇ ਪਤੇ ਦਿਤੇ ਅਤੇ ਤੂੜੀ ਦੀਆਂ ਧੜਾ ਵਿਚੋਂ ਉਹ ਟੋਕੇ ਅਤੇ ਇਕ ਤਲਵਾਰ ਲਹੂ ਦੀ ਭਿਜੀ ਕੱਢ ਦਿਖਾਈ ਇਨ੍ਹਾਂ ਨੂੰ ਅੰਮ੍ਰਿਤਸਰ ਵਿਚ ਫਾਹੇ ਦਾ ਹੁਕਮ ਹੋਇਆ, ਅਤੇ ਇਹ ਰਾਜ਼ੀ ਖੁਸ਼ੀ ਸਨਾਨ ਧਿਆਨ ਕਰਕੇ ਵਾਹਿਗੁਰੂ ਦਾ ਨਾਓਂ ਜਪਦੇ ਫਾਂਸੀ ਚੜ੍ਹ ਗਏ।"

ਪਰ ਇਸ ਭਾਵ ਦੀ ਕੋਈ ਲਿਖਤ ਸਰਕਾਰੀ

Sri Satguru Jagjit Singh Ji Elibrary NamdhariElibrary@gmail.com

ਲਿਖਤਾਂ, ਖਬਰਾਂ ਜਾਂ ਇਤਲਾਹਾਂ ਆਦਿ ਵਿਚੋਂ ਨਹੀਂ ਮਿਲਦੀ। ਦੂਜੇ ਪਾਸੇ ਅੰਬਾਲੇ ਦਾ ਕਮਿਸ਼ਨਰ ਮੈਕਨਬ, ੯ ਫਰਵਰੀ ਦੇ ਟਾਈਮਜ਼ (ਲੰਡਨ) ਵਿਚ ਛਪੀ ਆਪਣੀ ਚਿਠੀ ਵਿਚ ਦੱਬੀ ਜ਼ਬਾਨੇ ਇਹ ਮੰਨਦਾ ਹੈ ਕਿ ਅੰਮ੍ਰਿਤਸਰ ਵਿਚ ਪੁਲਸ ਦੋਸ਼ੀਆਂ ਨੂੰ ਲੱਭਣ ਤੋਂ ਅਸਮਰਥ ਰਹੀ ਸੀ ਤੇ ਅੰਮ੍ਰਿਤਸਰ ਦੇ ਹਮਲੇ ਪਿਛੋਂ ਤੇ ਰਾਇਕੋਟ ਦੇ ਹਮਲੇ ਤੋਂ ਪਹਿਲਾਂ ਦੋਸ਼ੀ ਭੈਣੀ ਸਾਹਿਬ ਗਏ ਸਨ। ਭਾਵੇਂ ਉਸਨੇ ਆਪ ਪੱਖ ਹੋਣ ਵਾਲੀ ਗੱਲ ਦਾ ਜ਼ਿਕਰ ਇਥੇ ਵੀ ਨਹੀਂ ਕੀਤਾ ਫਿਰ ਵੀ ਕਈ ਗੱਲਾਂ, ਜੋ ਸਰਕਾਰੀ ਲਿਖਤਾ ਵਿਚ ਨਹੀਂ ਆਈਆਂ, ਉਸਨੇ ਕਰ ਦਿਤੀਆਂ ਹਨ।

ਜਿਸ ਤਰ੍ਹਾਂ ਅੰਮ੍ਰਿਤਸਰ ਦੀ ਦੀਵਾਲੀ ਪ੍ਰਸਿਧ ਹੈ ਇਸੇ ਤਰ੍ਹਾਂ ਮਾਘੀ ਦਾ ਮੇਲਾ ਮੁਕਤਸਰ ਦਾ ਹੀ ਮੰਨਿਆ ਗਿਆ ਹੈ। ਸਰਕਾਰ ਨੇ ਕੂਕਿਆਂ ਤੋਂ ਕੁਛ ਖਤਰਾ ਅਨੁਭਵ ਕਰਦਿਆਂ ਸਤਿਗੁਰੂ ਰਾਮ ਸਿੰਘ ਜੀ ਦੇ ੧੮੭੨ ਦੀ ਮਾਘੀ ਤੇ ਮੁਕਤਸਰ ਜਾਣ ਤੇ ਪਾਬੰਦੀ ਲਾ ਦਿਤੀ ਸੀ। ਇਸ ਤੇ ਇਹ ਮੇਲਾ ਭੈਣੀ ਸਾਹਿਬ ਲਾਉਣ ਦਾ ਹੀ ਫੈਸਲਾ ਕੀਤਾ ਗਿਆ। ਸਰਕਾਰੀ ਰਿਪੋਰਟਾਂ ਅਨੁਸਾਰ ਇਹ ਮੇਲਾ ੧੦ ਜਨਵਰੀ ੧੮੭੨ ਨੂੰ ਸ਼ੁਰੂ ਹੋਇਆ ਤੇ ੧੨ ਨੂੰ ਜਾਂ ੧੩ ਨੂੰ ਸਮਾਪਤ ਹੋਇਆ ਕਿਉਂਕਿ ਸੰਗਤਾਂ ੧੩ ਨੂੰ ਵਾਪਸ ਹੋਣੀਆਂ ਸ਼ੁਰੂ ਹੋਈਆਂ। ਅੰਬਾਲੇ ਦਾ ਕਮਿਸ਼ਨਰ ਫੋਰਸਿਥ ਕਹਿੰਦਾ ਹੈ ਕਿ ਉਹਨੂੰ ਪ੍ਰਾਪਤ ਹੋਈ ਸੂਚਨਾ ਅਨੁਸਾਰ ਭੈਣੀ ਸਾਹਿਬ ਤਕਰੀਬਨ ੨੦੦ ਕੂਕਾ ਆ ਰਿਹਾ ਸੀ ਪਰ ਸਾਹਨੇਵਾਲ ਦਾ ਡਿਪਟੀ ਇਨਸਪੈਕਟਰ ਪੁਲਸ ਸਰਫਰਾਜ਼ ਖਾਂ ਹਾਜ਼ਰੀ ੧੦੦੦ (ਇਕ ਹਜ਼ਾਰ) ਦਸਦਾ ਹੈ। ਗੁਰੂ ਰਾਮ ਸਿੰਘ ਦ ਬਿਆਨਾਂ ਵਿਚ ਵੀ ਇਹ ਹਾਜ਼ਰੀ ਇਨੀ ਹੀ ਦਸੀ ਗਈ ਹੈ।

ਸਰਕਾਰੀ ਲਿਖਤਾਂ ਅਨੁਸਾਰ ੧੩ ਜਨਵਰੀ ਨੂੰ ਲੋਕ ਘਰੋਂ ਘਰੀ ਤੁਰ ਪਏ ਸਨ, ਪਰ ਕੁਛ ਕੂਕੇ ਬਾਗੀ ਹੋ ਗਏ। ਇਨ੍ਹਾਂ ਬਾਗੀਆਂ ਦਾ ਮੰਤਵ ਕੀ ਸੀ ? ਸਰਕਾਰ ਨੇ ਇਸ ਨੂੰ ਆਪਣੀਆਂ ਐਨਕਾਂ ਵਿੱਚ ਹੋਰ ਰੰਗ ਨਾਲ ਦੇਖਿਆ। ਉਸਦੇ ਅਫਸਰਾਂ ਤੇ ਅਗੋਂ ਉਨ੍ਹਾਂ ਦੇ ਝੋਲੀ ਚੁਕਾਂ ਨੇ ਅਜਿਹੀਆਂ ਖਬਰਾਂ ਘੜੀਆਂ ਜਾਪਦੀਆਂ ਹਨ ਜਿਨ੍ਹਾਂ ਵਿਚ ਸ਼ਾਇਦ ਹੀ ਥੋੜ੍ਹਾ ਬਹੁਤਾ ਸੱਚ ਹੋਵੇ। ਰਿਪੋਰਟਾਂ ਅਨੁਸਾਰ ਹਮਲਾ ਅਸਲ ਵਿਚ ਨਾਭਾ ਆਦਿ ਤੇ ਹੋਣਾ ਸੀ ਪਰ ਮਲੇਰ ਕੋਟਲੇ ਦੀ ਵਾਰੀ ਪਹਿਲਾਂ ਇਸ ਖਿਆਲ ਨਾਲ ਲਿਆਂਦੀ ਗਈ ਕਿ ਕੋਟਲੇ ਦਾ ਨਾਜ਼ਮ ਉਤੇ ਹੈ ਨਹੀਂ ਤੇ ਕੋਟਲਾ ਉਂਜ ਵੀ ਇਕ ਕਮਜ਼ੋਰ ਰਿਆਸਤ ਹੈ। ਜੇ ਇਥੇ ਹਥਿਆਰ ਪ੍ਰਾਪਤੀ ਲਈ ਸਫਲਤਾ ਹੋ ਜਾਂਦੀ ਤਾਂ ਫਿਰ ਲਾਹੌਰ ਤੇ ਫਿਰੋਜ਼ਪੁਰ, ਨਾਭਾ, ਪਟਿਆਲਾ ਤੇ ਜੀਂਦ ਵਲ ਵੀ ਬਗਾਵਤ ਕੀਤੀ ਜਾਣੀ ਸੀ। ਪਰ ਭੈਣੀ ਸਾਹਿਬ ਤੋਂ ਤੁਰਨ ਸਮੇਂ ਸਿਘਾਂ ਦੀ ਪ੍ਰਸਪਰ ਗੋਂਦ ਤੋਂ ਅਜਿਹੀ ਕਿਸੇ ਗੱਲ ਦੀ ਪੁਸ਼ਟੀ ਨਹੀਂ ਹੁੰਦੀ। ਪਟਿਆਲੀਆਂ ਦਾ ਦਰਬਾਰੀ ਤੇ ਰਾਮਨਗਰ ਦਾ ਨੰਬਰਦਾਰ ਪੰਜਾਬ ਸਿੰਘ ਆਪਣੇ ਬਿਆਨ ਵਿਚ ਕਹਿੰਦਾ ਹੈ ਕਿ ਉਸ ਨੇ ਕੂਕਿਆਂ ਤੋਂ ਸੁਣਿਆ ਸੀ ਕਿ ਕੋਟਲੇ ਤੇ ਹਮਲਾ ਕਰਨ ਦਾ ਮੰਤਵ ਗਊ ਘਾਤਕਾਂ ਦਾ ਖਾਤਮਾ ਕਰਨਾ ਹੈ। ਹਮਲੇ ਦਾ ਅਸਲ ਕਾਰਨ ਵੀ ਇਹੋ ਸੀ। ਗੁਰਮੁਖ ਸਿੰਘ ਫਰਵਾਹੀ ਦਾ ਨੰਬਰਦਾਰ ਹੋਣ ਕਾਰਨ ਮੁਆਮਲਾ ਤਾਰਨ ਮਲੇਰ ਕੋਟਲੇ ਆ ਰਿਹਾ ਸੀ। ਉਸਨੇ ਇਕ ਮਾੜੇ ਜਹੇ ਬਲਦ ਤੇ ਸਬਜ਼ੀ ਲੱਦ ਕੇ ਉਪਰ ਇਕ ਮੁਸਲਮਾਨ ਨੂੰ ਬੈਠਾ ਦੇਖਕੇ ਥੱਲੇ ਉਤਰ ਜਾਣ ਦੀ ਬੇਨਤੀ ਕੀਤੀ ਕਿਉਂਕਿ ਬਲਦ ਭਾਰ ਨਾਲ ਮਰ ਰਿਹਾ ਸੀ। ਮੁਸਲਮਾਨ ਨੇ ਇਸ ਨੂੰ ਕੁਛ ਹੋਰ ਅਰਥਾਂ ਵਿਚ ਲਿਆ। ਬੁਰਾ ਭਲਾ ਕਹਿਣ ਪਿਛੋਂ ਉਹਨੂੰ ਕੁਤਵਾਲੀ ਲਿਜਾ ਕੇ, ਕੁਟ ਮਾਰ ਵੀ ਕਰ ਲਈ ਤੇ ਬਲਦ ਨੂੰ ਉਸਦੇ ਸਾਹਮਣੇ ਹੀ ਜ਼ਿਬਹ ਵੀ ਕੀਤਾ।

ਗੁਰਮੁਖ ਸਿੰਘ ਨੂੰ ਪਤਾ ਸੀ ਕਿ ਭੈਣੀ ਸਾਹਿਬ ਸਿੰਘ ਇਕੱਠੇ ਹੋ ਰਹੇ ਹਨ। ਉਹ ਵੀ ਸਿਧਾ ਉਥੇ ਪੁਜਾ ਤੇ ਮੇਲੇ ਵਿਚ ਆਕੇ ਆਪਣੀ ਸੱਜਰੀ ਹੱਡ ਬੀਤੀ ਸੁਣਾਈ ਜਿਸ ਤੇ ਸਿੰਘਾਂ ਨੇ ਰੋਹ ਵਿਚ ਆਕੇ ਮਲੇਰ ਕੋਟਲਾ ਸੋਧਣ ਦਾ ਫੈਸਲਾ ਕਰ ਲਿਆ। ਭੋਗ ਪੈਣ ਪਿਛੋਂ ਹੀਰਾ ਸਿੰਘ ਨੇ ਲੀਕ ਖਿਚ ਕੇ ਕਿਹਾ ਜਿਸਨੇ ਸਿਰ ਦੇਣਾ ਹੈ ਉਹ ਇਧਰ ਆਵੇ। ਜਿਸ ਤੇ ਹੌਲੀ ਹੌਲੀ ਉਨ੍ਹਾਂ ਦਾ ਚੰਗਾ ਜੱਥਾ ਕਾਇਮ ਹੋ ਗਿਆ। ਗੁਰਮੁਖ ਸਿੰਘ ਵੀ ਇਸੇ ਵਿਚ ਸੀ।

ਇਸ ਜਥੇ ਵਿਚ ਕਿੰਨੇ ਆਦਮੀ ਸਨ ? ਇਸ ਬਾਰੇ ਵੀ ਪੂਰਾ ਪਤਾ ਕਿਸੇ ਨੂੰ ਨਹੀਂ। ਪਿੰਡ ਦੇ ਨੰਬਰਦਾਰਾਂ ਦੇ ਬਿਆਨਾਂ ਵਿਚ ਇਹ ਸਿੰਘ ੧੦੦ ਦਸੇ ਗਏ ਹਨ। ਹਮਲੇ ਦਾ ਪਿਛਲਾ ਇਤਿਹਾਸ ਦਸਦਿਆਂ ਕਾਵਨ ਵੀ ਇਕ ਸੌ ਕਹਿੰਦੇ ਹੈ ਪਰ ਲੁਧਿਆਣੇ ਦਾ ਪੁਲਸ ਕਪਤਾਨ ਮੇਜਰ ਪਰਕਿਨਜ਼ ੬ ਫਰਵਰੀ ੧੮੭੨ ਨੂੰ ਮੇਜਰ ਬੇਮਫੀਲਡ (ਇਨਸਪੈਕਟਰ ਜਨਰਲ ਪੁਲਸ, ਪੰਜਾਬ) ਨੂੰ ਲਿਖੀ ਗਈ

Sri Satguru Jagjit Singh Ji Elibrary NamdhariElibrary@gmail.com

ਚਿਠੀ ਵਿਚ ੮੦ ਦਸਦਾ ਹੈ ਪਰ ਲਹਿਣਾ ਸਿੰਘ ਤਹਿਸੀਲ-ਦਾਰ, ਜੋ ਗੁਰੂ ਰਾਮ ਸਿੰਘ ਨੂੰ ਕਾਵਨ ਦਾ ਸੁਨੇਹਾ ਦੇਣ ਲਈ ਉਚੇਚਾ ਭੇਜਿਆ ਗਿਆ ਸੀ, ਇਨ੍ਹਾਂ ਸਿੰਘਾਂ ਦੀ ਗਿਣਤੀ ੨੦੦ ਲਿਖਦਾ ਹੈ ਫਿਰ ਉਹੀ ਕਾਵਨ ਆਪਣੀ ੧੭ ਜਨਵਰੀ ਦੀ, ਕਮਿਸ਼ਨਰ ਅੰਬਾਲਾ ਵਲ ਲਿਖੀ, ਚਿਠੀ ਵਿਚ ਬਾਗੀ ਸਿੰਘਾਂ ਦੀ ਗਿਣਤੀ ੬੦ ਤੋਂ ੩੦੦ ਦੇ ਵਿਚਕਾਰ ਲਿਖਦਾ ਹੈ। ਪਰ ਅਸਲ ਵਿਚ ਕਰੀਬ ੧੪੦ ਸਿੰਘ ਸਨ।

ਇਨ੍ਹਾਂ ਸਿੰਘਾਂ ਦੇ ਭੈਣੀ ਸਾਹਿਬ ਤੋਂ ਤੁਰਨ ਤੋਂ ਪਹਿਲਾਂ ਸਤਿਗੁਰੂ ਜੀ ਨੂੰ ਪਤਾ ਲੱਗਾ ਕਿ ਕੁਛ ਸਿੰਘ ਬਾਗੀ ਹੋ ਗਏ ਹਨ। ਉਨ੍ਹਾਂ ਨੇ ਸੂਬਾ ਲੱਖਾ ਸਿੰਘ ਨੂੰ ਭੇਜਿਆ ਕਿ ਉਹ ਇਨ੍ਹਾਂ ਨੂੰ ਸਮਝਾਵੇ ਪਰ ਉਸ ਦੀ ਵੀ ਪੇਸ਼ ਨਾ ਗਈ। ਫੇਰ ਸਤਿਗੁਰਾਂ ਆਪ ਆਕੇ, ਗੌਲ ਵਿਚ ਪੱਲਾ ਪਾ ਕੇ 'ਹੁਕਮ' ਕੀਤਾ ਪਰ ਸਿੰਘਾਂ ਕਿਹਾ ਕਿ ਉਨ੍ਹਾਂ ਨੂੰ ਗੁਰੂ ਤੇਗ ਬਹਾਦਰ ਜੀ ਦਾ ਹੁਕਮ ਲੱਗਾ ਹੈ—ਗਊਆਂ ਖਾਤਰ ਸੀਸ ਦੇਣੇ ਹਨ। ਫਿਰ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਘਰੀਂ ਜਾਣ ਵਾਸਤੇ ਮਜ਼ਬੂਰ ਨਾ ਕੀਤਾ। ਪੁਲਸ ਇਨਸਪੈਕਟਰ ਸਰਫਰਾਜ਼ ਖਾਂ ਪਿੰਡ ਵਿਚ ਮੌਜੂਦ ਸੀ ਉਸਨੂੰ ਸੂਚਨਾ ਦਿਤੀ ਗਈ ਕਿ ਕੁਛ ਸਿੰਘ ਬਾਗੀ ਹੋ ਗਏ ਹਨ ਤੇ ਉਨ੍ਹਾਂ ਦੇ ਇਰਾਦੇ ਠੀਕ ਨਹੀਂ। ਪੰਜਾਬ ਸਰਕਾਰ ਦੇ ਸਕੱਤਰ ਲੇਪਲ ਗਰਿਫਨ ਨੂੰ ਲਿਖਣ ਵੇਲੇ ੧ ਫਰਵਰੀ ਦੀ ਚਿਠੀ ਵਿਚ ਮੈਕਨਬ ਕਹਿੰਦਾ ਹੈ ਕਿ ਗੁਰੂ ਰਾਮ ਸਿੰਘ ਨੇ ਪੁਲਸ ਨੂੰ ਸੂਚਨਾ ਆਪਣੇ ਆਪ ਨਹੀਂ ਦਿਤੀ ਸਗੋਂ ਪੁਲਸ ਦੇ ਪੁਛਣ ਤੇ ਦਿਤੀ ਹੈ। ਦੂਜੇ ਪਾਸੇ ਲੁਧਿਆਣੇ ਦਾ ਡਿਪਟੀ ਕਮਿਸ਼ਨਰ ਕਾਵਨ ਅੰਬਾਲੇ ਦੇ ਕਮਿਸ਼ਨਰ ਫੋਰਸਿਥ ਨੂੰ ੧੫ ਜਨਵਰੀ ਦੀ ਚਿੱਠੀ ਵਿਚ ਮੰਨਦਾ ਹੈ ਕਿ ਉਨ੍ਹਾਂ ਨੇ ਸੂਚਨਾ ਦਿਤੀ ਸੀ। ਫੋਰਸਿਥ ਅਗੋਂ ਗਰਿਫਨ ਨੂੰ ਲਿਖੀ ਆਪਣੀ ੧੯ ਜਨਵਰੀ ਦੀ ਚਿੱਠੀ ਵਿਚ ਵੀ ਇਹੋ ਗੱਲ ਮੰਨਦਾ ਹੈ। ਡਿਪਟੀ ਇਨਸਪੈਕਟਰ ਸਰਫਰਾਜ਼ ਖਾਂ ਕਹਿੰਦਾ ਹੈ ਕਿ ਉਨ੍ਹਾਂ ਨੇ ਉਸ ਨੂੰ ੧੩ ਬਾਗੀਆਂ ਦੇ ਨਾਂ ਵੀ ਦਿਤੇ ਸਨ। ਸਰਕਾਰ ਪੱਖੀ ਅਖਬਾਰ 'ਇੰਗਲਿਸ਼ਮੈਨ' ਦੇ ੨੫ ਜਨਵਰੀ ਦੇ ਪਰਚੇ ਅਨੁਸਾਰ ਸਤਿਗੁਰੂ ਜੀ ਨੇ ਲੁਧਿਆਣੇ ਸੂਚਨਾ ੧੨ ਜਨਵਰੀ ਨੂੰ ਭੇਜ ਦਿਤੀ ਸੀ ਤੇ ਫਰੈਂਡ ਆਫ ਇੰਡੀਆ ਕਹਿੰਦਾ ਹੈ ਕਿ ੧੪ ਜਨਵਰੀ ਨੂੰ ਸਤਿਗੁਰੂ ਜੀ ਨੇ ਕਾਵਨ ਨੂੰ ਆਪ ਮਿਲ ਕੇ ਇਹ ਖਬਰ ਦਿਤੀ ਸੀ। ਸਰਕਾਰੀ ਲਿਖਤਾਂ ਅਨੁਸਾਰ ਸੂਬਾ ਲੱਖਾ ਸਿੰਘ ਇਤਲਾਹ ਦੇਣ ਆਇਆ ਹੋਇਆ ਹੀ ਲੁਧਿਆਣੇ ਗ੍ਰਿਫਤਾਰ ਕਰ ਲਿਆ ਗਿਆ ਸੀ।

ਭੈਣੀ ਸਾਹਿਬ ਤੋਂ ਤੁਰਨ ਪਿਛੋਂ ਇਹ ਸਿੰਘ ਰਾਮਪੁਰ ਦੇ ਰਸਤੇ ਪੈ ਗਏ। ਰਾਮਪੁਰ ਪਟਿਆਲਾ ਰਿਆਸਤ ਵਿਚ ਸੀ। ਜੇ ਸਰਕਾਰ ਨੇ ਬਗਾਵਤ ਰੋਕਣੀ ਹੁੰਦੀ ਤਦ ਇਨ੍ਹਾਂ ਸਿੰਘਾਂ ਦੇ ਭੈਣੀ ਸਾਹਿਬ ਤੋਂ ਚੱਲਣ ਤੋਂ ਪਹਿਲਾਂ ਵੀ ਕੁਛ ਪ੍ਰਬੰਧ ਕਰ ਸਕਦੀ ਸੀ ਪਰ ਉਥੋਂ ਚੱਲ ਪੈਣ ਪਿਛੋਂ ਸਰਫਰਾਜ਼ ਖਾਂ ਨੇ ਆਪਣਾ ਸਾਰਜੰਟ ਮਗਰ ਭੇਜਿਆ ਜਦ ਸਾਰਜੰਟ ਨੇ ਆਕੇ ਦਸਿਆ ਕਿ ਸਿੰਘ ਰਾਮਪੁਰ ਦੀ ਸਰਹੱਦ ਵਿਚ ਪੁਜ ਗਏ ਹਨ ਤੱਦ ਇਸ ਨੇ ਆਪਣੇ ਗਲੋਂ ਬਲਾ ਟਲੀ ਸਮਝੀ ਤੇ ਆਪ ਉਸ ਇਲਾਕੇ ਦੀ ਪੁਲਸ ਨੂੰ ਖਬਰ ਦੇ ਕੇ ਲੁਧਿਆਣੇ ਸੂਚਨਾ ਦੇਣ ਚਲੇ ਗਿਆ। (ਚਲਦਾ)

ਗੁਰੂ

ਕੇਵਲ ਗੁਰੂ ਵਿਚ ਹੀ ਏਨੀ ਸਮਰੱਥਾ ਹੈ ਕਿ ਉਹ ਵਿਦਿਆਰਥੀ ਨੂੰ ਗਰਭ ਵਾਂਗ ਆਪਣੇ ਅੰਦਰ ਧਾਰਨ ਕਰ ਲੈਂਦਾ ਹੈ। (ਅਥਰਵ ਵੇਦ)

ਜਿਸ ਤਰ੍ਹਾਂ ਬੱਚੇ ਨੂੰ ਮਾਤਾ ਦੇ ਗਰਭ ਦਾ ਰਸ ਮਿਲਦਾ ਹੈ, ਤੇ ਉਸ ਦੇ ਸਰੀਰ ਦੇ ਅੰਦਰ ਉਸ ਦਾ ਪਾਲਣ-ਪੋਸਨ ਹੁੰਦਾ ਹੈ, ਉਸੇ ਤਰ੍ਹਾਂ ਗੁਰੂ ਦੀ ਬੁਧੀ ਅਤੇ ਗਿਆਨ ਦਾ ਰਸ ਵਿਦਿਆਰਥੀ ਨੂੰ ਮਿਲਦਾ ਹੈ। ਪੁਰਾਤਨ ਸਮੇਂ ਵਿਚ ਵਿਦਿਆਰਥੀ ਗੁਰੂ ਦੇ ਘਰ ਹੀ ਰਿਹਾ ਕਰਦਾ ਸੀ। ਇਸ ਲਈ ਉਸ ਦਾ ਪਾਲਣ-ਪੋਸਨ ਵੀ ਗੁਰੂ ਦੁਆਰਾ ਹੀ ਹੁੰਦਾ ਸੀ। ਜਿਹੜਾ ਗੁਰੂ ਵਿਦਿਆਰਥੀ ਨੂੰ ਗਰਭ ਦੀ ਤਰ੍ਹਾਂ ਅੱਪਨਾ ਲੈਂਦਾ ਹੈ, ਉਹ ਵਿਦਿਆਰਥੀ ਲਈ ਕੀ ਕੁਝ ਹੋ ਸਕਦਾ ਹੈ, ਇਹਨੂੰ ਸ਼ਬਦਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। —ਅ. ਸ.

Sri Satguru Jagjit Singh Ji Elibrary NamdhariElibrary@gmail.com

ਕਾਫੀ ਦੇ ਪਿਆਲੇ ਵਿਚ ਕਿੰਨਾ ਜ਼ਹਿਰ ?

—ਡਾ. ਅਨਿਲ ਚਤੁਰਵੇਦੀ

ਕਾਫੀ ਹਾਊਸ ਦੇ ਹਾਸਿਆਂ ਅਤੇ ਖੜਕਦੇ ਪਿਆਲਿਆਂ ਦੇ ਵਿਚ ਐਸ਼ ਆਮ ਆਦਮੀ ਉਦਾਸ ਜੀਵਨ ਅਤੇ ਗਮ ਨੂੰ ਦੂਰ ਕਰਨ ਦਾ ਜਤਨ ਕਰਦਾ ਹੈ। ਤੁਸੀਂ ਕਿਨੇ ਵੀ ਥਕੇ ਮਾਂਦੇ ਕਿਉਂ ਨਾ ਹੋਵੋ ਕਾਫ਼ੀ ਦੇ ਇੱਕ ਘੁਟ ਦੇ ਨਾਲ ਹੀ ਤਾਜ਼ਗੀ ਅਤੇ ਫੁਰਤੀ ਮਹਿਸੂਸ ਕਰਨ ਲਗਦੇ ਹੋ ਪਰ ਇਸ ਛਿਨ ਭਰ ਦੀ ਤਾਜ਼ਗੀ ਉਮੰਗ ਅਤੇ ਖੁਸ਼ੀ ਦੇ ਪਲ ਵਿਚ ਕਦਾਚਿਤ ਹੀ ਤੁਹਾਨੂੰ ਇਹ ਖਿਆਲ ਹੋਵੇ ਕਿ ਕਾਫੀ ਦੇ ਇੱਕ ਪਿਆਲੇ ਵਿਚ ਨਾ ਜਾਣੇ ਤੁਸੀਂ ਕਿੰਨਾ ਜ਼ਹਿਰ ਪੀ ਰਹੇ ਹੋ।

ਪੀਣ ਵਾਲੀ ਚੀਜ਼ ਦੇ ਰੂਪ ਵਿਚ ਕਾਫੀ ਦਾ ਪਰਚਾਰ ਸਭ ਤੋਂ ਪਹਿਲਾਂ ਅਰਬ ਦੇਸ਼ਾਂ ਅਤੇ ਤੁਰਕੀ ਵਿਚ ਹੋਇਆ ਜਿਸਦੇ ਫਲ ਸਰੂਪ ਸੰਨ ੧੫੫੪ ਵਿਚ ਅਨੇਕ ਕਾਫੀ ਹਾਊਸ ਖੁਲ ਗਏ। ਸੰਨ ੧੬੫੨ ਵਿਚ ਲੰਡਨ ਵਿਚ ਸਭ ਤੋਂ ਪਹਿਲੇ ਕਾਫੀ ਹਾਊਸ ਦਾ ਉਦਘਾਟਨ ਹੋਇਆ ਅਤੇ ੧੬ ਸਾਲ ਬਾਅਦ ਅਮਰੀਕਾ ਵਿਚ ਸੰਨ ੧੬੬੭ ਵਿਚ ਕਾਫੀ ਦਾ ਪ੍ਰਚਲਨ ਆਰੰਭ ਹੋਇਆ। ਇਸ ਪਿਛੋਂ ਤਾਂ ਫਰਾਂਸ, ਜਰਮਨ ਅਤੇ ਇੰਗਲੈਂਡ ਵਿਚ ਕਾਫੀ ਪਿਅਕੜਾਂ ਦਾ ਹੜ੍ਹ ਜਿਹਾ ਹੀ ਆ ਗਿਆ।

ਸਾਡੇ ਦੇਸ਼ ਵਿਚ ਕਾਫੀ ਦਾ ਸ੍ਰੀ ਗਣੇਸ਼ ਸਤਾਹਰਵੀਂ ਸਦੀ ਵਿਚ ਹੋਇਆ। ਬਾਬਾ ਬੂਦਾਨ ਨਾਮਕ ਇਕ ਮੁਸਲਮਾਨ ਮੱਕਾ ਤੋਂ ਕਾਫੀ ਦੇ ਪੌਦੇ ਦੇ ਸੱਤ ਬੀ ਲਿਆਇਆ ਅਤੇ ਉਸ ਨੇ ਕਰਨਾਟਕ ਸੂਬੇ ਦੇ ਚਿਕਮਗਲੂਰ ਜ਼ਿਲੇ ਦੀ ਬੂਦਾਨ ਪਹਾੜੀ ਤੇ ਬੀਜਿਆ। ਕੁਝ ਹੀ ਦਿਨਾਂ ਵਿਚ ਗੁਰਗ, ਬਿਲਿਗਿਰਿ, ਨੀਲਗਿਰਿ, ਸ਼ੇਵਰਾਏ, ਅਨਾਮਲਾਈ ਅਤੇ ਤਾਮਲਨਾਡੂ ਦੇ ਪਰਾਲਨੀ ਪਹਾੜੀ ਖੇਤਰ ਅਤੇ ਕੇਰਲ ਦੇ ਨੀਲਮਯੇਥੀ ਕਾਨਨਦੇਵ ਪਹਾੜੀ ਇਲਾਕੇ ਵਿਚ ਕਾਫੀ ਦਾ ਉਤਪਾਦਨ ਵਿਆਪਕ ਰੂਪ ਵਿਚ ਹੋਣ ਲੱਗਾ।

ਸੱਭ ਤੋਂ ਪਹਿਲਾਂ ਤੇਲੀਚੇਰੀ ਨਾਮਕ ਸਥਾਨ ਤੇ ੧੨ ਵੀਂ ਸਦੀ ਦੇ ਆਰੰਭ ਵਿਚ ਕਾਫੀ ਉਤਪਾਦਨ-ਖੋਜ ਕੇਂਦਰ ਸਥਾਪਤ ਹੋਇਆ ਪਰ ਦੂਸਰੇ ਵਿਸ਼ਵ ਯੁਧ ਸਮੇਂ ਇਹ ਕੇਂਦਰ ਬੰਦ ਕਰ ਦਿਤਾ ਗਿਆ ਜਿਸਦੇ ਸਿਟੇ ਵਜੋਂ ਕਾਫੀ ਦੀ ਉਪਜ ਦੀ ਚਾਲ ਵੀ ਕਾਫੀ ਮੱਠੀ ਹੋ ਗਈ। ਸੰਨ ੧੯੪੨ ਵਿਚ ਕਾਫੀ ਬੋਰਡ ਦੇ ਬਨਾਣ ਨਾਲ ਕਾਫੀ ਦੀ ਪੈਦਾਵਾਰ ਦਾ ਵਿਕਾਸ ਹੋਇਆ। ਵਿਗਆਨਕਾਂ ਅਤੇ ਕਿਸਾਨਾਂ ਦੇ ਸਹਿਯੋਗ ਨਾਲ ਸਥਾਪਤ ਹੋਏ ਇਸ ਬੋਰਡ ਨੇ ਕਾਫੀ ਦੇ ਪੌਦੇ ਦੀਆਂ ਨਵੀਆਂ ਕਿਸਮਾਂ ਢੂੰਡੀਆਂ ਅਤੇ ਇਸ ਦੇ ਉਗਾਉਣ ਦੀ ਵਿਧੀ ਵਿਚ ਸੁਧਾਰ ਕੀਤਾ। ਕਾਫੀ ਦੇ ਪੌਦੇ ਨੂੰ ਹਾਨੀ ਪਹੁੰਚਾਉਣ ਵਾਲੇ ਰੋਗਾਂ ਤੇ ਕੀੜਿਆਂ ਤੇ ਕਾਬੂ ਪਾਇਆ ਗਿਆ। ਫਿਰ ਕੀ ਸੀ ਦੱਖਨ ਭਾਰਤ ਦੇ ਕਾਫੀ ਬਾਗਾਂ ਵਿਚ ਮੁੜ ਹਰਿਆਲੀ ਆ ਗਈ ਜਿਸਦੇ ਫਲ ਸਰੂਪ ਅੱਜ ਲਗ ਭਗ ੧੪੦੦.੦ ਹੈਕਟੇਅਰ ਖੇਤਰ ਵਿਚ ਕਾਫੀ ਦੇ ਪੌਦੇ ਲਗਾਏ ਜਾਂਦੇ ਹਨ ਅਤੇ ਕਾਫੀ ਦੀ ਉਪਜ ਇੱਕ ਲੱਖ ਦਸ ਹਜ਼ਾਰ ਟਨ ਹੈ। ਕਾਫੀ ਦੀ ਦਰਾਮਦ ਨਾਲ ਦੇਸ਼ ਨੂੰ ਹਰ ਸਾਲ ਲਗ ਭਗ ੩੦ ਕਰੋੜ ਰੁਪਏ ਦਾ ਵਿਦੇਸ਼ੀ ਸਿ.ਾ ਮਿਲਦਾ ਹੈ ਦੁਨੀਆਂ ਦੇ ਕਾਫੀ ਪੀਣ ਵਾਲੇ ਦੇਸ਼ਾਂ ਵਿਚੋਂ ਅਮਰੀਕਾ ਦਾ ਸਥਾਨ ਸਭ ਤੋਂ ਉਪਰ ਹੈ।

ਕਾਫੀ ਅਤੇ ਤੁਹਾਡੀ ਸੇਹਤ

ਕਾਫੀ ਕੋਈ ਸੇਹਤ ਬਨਾਉਣ ਵਾਲਾ ਜਾਂ ਤਾਕਤਬਖਸ਼ ਪਦਾਰਥ ਨਹੀਂ ਹੈ।

੧ ਗ੍ਰਾਮ ਕਾਫੀ ਵਿਚ ੭੪ ਮਿਲੀਗ੍ਰਾਮ ਸੋਡੀਅਮ, ੩੧'੦ ਮਿਲੀਗ੍ਰਾਮ ਪੋਟਾਸ਼ੀਅਮ, ੧੦ ਮਾਈਕਰੋਗ੍ਰਾਮ ਥਾਇਮਿਨ (ਵਿਟਾਮਿਨ ਬੀ ੧), ੩'੦੦ ਮਾਈਕਰੋਗ੍ਰਾਮ ਏਈਬੋ (ਵਿਟਾ-ਮਿਨ ਬੀ ੨) ਅਤੇ ੧੦੦ ਤੋਂ ੧੨੦ ਮਿਲੀਗ੍ਰਾਮ ਕੈਫੀਨ ਹੁੰਦੀ ਹੈ।

Sri Satguru Jagjit Singh Ji Elibrary NamdhariElibrary@gmail.com

ਡਾਕਟਰ ਵਿਲੀਅਮ ਐਲਗਜ਼ੈਂਡਰ ਐਲਕੋਟ ਨੇ ਕਾਫੀ ਰਾਹੀਂ ਸੇਹਤ ਤੇ ਪੈਣ ਵਾਲੇ ਹਾਨੀਕਾਰਕ ਅਸਰਾਂ ਦਾ ਵਰਨਣ ਕੀਤਾ ਹੈ। ਉਨਾਂ ਦਾ ਵਿਚਾਰ ਸੀ ਕਿ ਕਾਫੀ ਦਾ ਪ੍ਰਭਾਵ ਦਿਮਾਗ ਤੇ ਪੈਂਦਾ ਹੈ ਅਤੇ ਉਹਦੇ ਸੇਵਨ ਨਾਲ ਕਮਜ਼ੋਰੀ, ਹਾਜ਼ਮੇ ਸਬੰਧੀ ਰੋਗ, ਸਿਰ ਚਕਰਾਨਾ ਅਤੇ ਮਿਰਗੀ ਦੀ ਤਰ੍ਹਾਂ ਦੇ ਦੌਰੇ ਵੀ ਪੈ ਸਕਦੇ ਹਨ। ਹੋਮਿਉਪੈਥੀ ਇਲਾਜ ਦੇ ਜਨਮਦਾਤਾ ਡਾਕਟਰ ਹੈਨੀਮਾਨੇ ਦਾ ਵੀ ਕਥਨ ਹੈ ਕਿ ਕਾਫੀ ਇਕ ਦਵਾਈ ਹੈ ਅਤੇ ਜਿਸ ਤਰ੍ਹਾਂ ਸਭ ਦਵਾਈਆਂ ਜ਼ਿਆਦਾ ਮਾਤਰਾ ਵਿਚ, ਸਰੀਰ ਲਈ ਹਾਨੀਕਾਰਕ ਹਨ ਇਸੇ ਤਰ੍ਹਾਂ ਕਾਫੀ ਦਾ ਜ਼ਿਆਦਾ ਸੇਵਨ ਸੇਹਤ ਦੀ ਦ੍ਰਿਸ਼ਟੀ ਤੋਂ ਹਾਨੀ-ਕਾਰਕ ਹੈ। ਕੈਫੀਨ ਹੀ ਉਹ ਪਦਾਰਥ ਹੈ ਜਿਸਦੇ ਕਾਰਨ ਕਾਫੀ ਦਾ ਬੁਰਾ ਅਸਰ ਸਾਡੇ ਸਰੀਰ ਤੇ ਪੈਂਦਾ ਹੈ। ਕੈਫੀਨ ਦੀ ਇਕ ਬੂੰਦ ਹੀ ਛੋਟੇ ਜਾਨਵਰਾਂ ਲਈ ਪ੍ਰਾਨ ਘਾਤਕ ਹੈ। ਜੇ ਕੈਫੀਨ ਦੀ ਘੱਟ ਤੋਂ ਘੱਟ ਮਾਤਰਾ ਨੂੰ ਵੀ ਦਿਮਾਗ ਵਿਚ ਇੰਜੇਕਸ਼ਨ ਦੁਆਰਾ ਪਹੁੰਚਾ ਦਿਤਾ ਜਾਵੇ ਤਾਂ ਮਿਰਗੀ ਵਰਗੇ ਦੌਰੇ ਪੈਣ ਲਗਦੇ ਹਨ। ਜਿਸ ਤਰ੍ਹਾਂ ਤੰਬਾਕੂ ਦਾ ਮੱਚਾ ਨਿਕੋਟੀਨ ਕਰਕੇ ਹੈ ਇਸੇ ਤਰ੍ਹਾਂ ਕਾਫੀ ਦਾ ਅਨੰਦ ਕੈਫੀਨ ਦੇ ਕਾਰਨ ਹੈ। ਇਸ ਤੋਂ ਪਿਛਾ ਛਡਾਉਣਾ ਏਨਾ ਆਸਾਨ ਨਹੀਂ ਜਿਨਾ ਆਮ ਆਦਮੀ ਸੋਚਦਾ ਹੈ। ਜੇ ਕਾਫੀ ਦੀ ਆਦਤ ਪੈ ਗਈ ਹੋਵੇ ਅਤੇ ਉਸਦਾ ਸੇਵਨ ਅਚਾਨਕ ਬੰਦ ਕਰ ਦਿਤਾ ਜਾਵੇ ਤਾਂ ਸਿਰ ਦਰਦ ਜੀ ਮਚਲਾਨਾ ਅਤੇ ਉਲਟੀਆਂ ਹੋ ਸਕਦੀਆਂ ਹਨ। ਆਦਮੀ ਦੀ ਕੰਮ ਕਰਨ ਦੀ ਯੋਗਤਾ ਵੀ ਘੱਟ ਜਾਂਦੀ ਹੈ।

ਕਾਫੀ ਅਤੇ ਪੇਟ ਦੇ ਜ਼ਖਮ

ਖੋਜੀਆਂ ਅਤੇ ਡਾਕਟਰਾ ਨੇ ਅਨੇਕਾਂ ਤਜਰਬਿਆਂ ਪਿਛੋਂ ਸਿੱਧ ਕੀਤਾ ਹੈ ਕਿ ਕਾਫੀ ਦੇ ਲਗਾਤਾਰ ਸੇਵਨ ਨਾਲ ਢਿਡ ਦੇ ਜ਼ਖਮ ਜਾਂ ਪੇਪਟਿਕ ਅਲਸਰ ਹੋ ਜਾਂਦਾ ਹੈ। ਇੰਜ ਇਸ ਵਾਸਤੇ ਹੁੰਦਾ ਹੈ ਕਿ ਕਾਫੀ ਆਮਾਸ਼ਯ ਦੇ ਰਸ ਲੂਣ ਦਾ ਤੇਜ਼ਾਬ (ਹਾਈਡਰੋਕਲੋਰਿਕ ਐਸਿਡ) ਜ਼ਿਆਦਾ ਬਣਾਉਂਦੀ ਹੈ। ਅਤੇ ਜ਼ਿਆਦਾ ਕਾਫੀ ਪੀਣ ਨਾਲ ਅਨੀਂਦਰ ਚਿੰਤਾ ਅਤੇ ਦਿਲ ਦੀ ਧੜਕਣ ਵੀ ਵਧ ਜਾਂਦੀ ਹੈ। ਇਸ ਵਾਸਤੇ ਕਾਫੀ ਵਿਵਰਜਿਤ ਹੈ ਕਿਉਂਕਿ ਐਸੇ ਰੋਗੀਆਂ ਦੇ ਪੇਟ ਦਾ ਜ਼ਖਮ ਹੋਰ ਵਧ ਜਾਂਦਾ ਹੈ।

ਕਾਫੀ ਅਤੇ ਦਿਲ ਦੇ ਰੋਗ

ਕਾਫੀ ਦਾ ਸੇਵਨ ਦਿਲ ਵਾਸਤੇ ਵੀ ਮਾਰੂ ਹੈ। ਕਾਫੀ ਦਿਲ ਦੀਆਂ ਧੜਕਨਾਂ ਨੂੰ ਤੇਜ਼ ਕਰਕੇ ਉਹਨਾਂ ਦੀ ਚਾਲ ਨੂੰ ਵਧਾ ਦਿੰਦੀ ਹੈ। ਖੂਨ ਦੇ ਦਬਾਓ ਵਿਚ ਵੀ ਵਾਧਾ ਹੁੰਦਾ ਹੈ। ਜ਼ਿਆਦਾ ਬਲਡ ਪਰੈਸ਼ਰ ਅਤੇ ਦਿਲ ਦੇ ਰੋਗੀਆਂ ਵਾਸਤੇ ਕਾਫੀ ਹਾਨੀਕਾਰਕ ਹੈ। ਜੇ ਦਿਲ ਦਾ ਦੌਰਾ ਪੈ ਜਾਂਦਾ ਹੈ ਤਾਂ ਦਿਲ ਨੂੰ ਆਰਾਮ ਦੀ ਲੋੜ ਹੈ। ਐਸੀ ਹਾਲਤ ਵਿਚ ਜੇ ਕਾਫੀ ਦੀ ਵਰਤੋਂ ਕੀਤੀ ਜਾਵੇ ਤਾਂ ਦਿਲ ਉਤੇ ਜਿਤ ਹੋ ਜਾਏਗਾ ਅਤੇ ਇਕ ਅਵਸਥਾ ਐਸੀ ਆਵੇਗੀ ਕਿ ਕਾਫੀ ਦੇ ਲਗਾਤਾਰ ਨਿਯਮਬੰਦ ਸੇਵਨ ਨਾਲ ਥਕਿਆ ਹਾਰਿਆ ਦਿਲ ਹਦ ਤੋਂ ਵੱਧ ਕੰਮ ਨਾ ਕਰ ਸਕੇਗਾ ਅਤੇ ਦਿਲ ਦੇ ਦੌਰੇ ਦੀ ਪੁਨਰ ਜਾਂਗਨਾ ਹੋ ਜਾਵੇਗੀ।

ਕਾਫੀ ਅਤੇ ਦਿਮਾਗ

ਕਾਫੀ ਦਾ ਅਸਰ ਸਾਡੇ ਦਿਮਾਗ ਤੇ ਵੀ ਹੁੰਦਾ ਹੈ। ਕਾਫੀ ਦਿਮਾਗ ਵਾਸਤੇ ਉਤੇਜਕ ਪਦਾਰਥ ਹੈ। ਜਿਸ ਨਾਲ ਚੇਤਨਾ ਅਤੇ ਚੁਸਤੀ ਦਾ ਅਨੁਭਵ ਹੁੰਦਾ ਹੈ। ਜੇ ਕਾਫੀ ਦਾ ਵੈਲ ਲਗ ਜਾਵੇ ਤਾਂ ਉਸਦੇ ਅਭਾਵ ਨਾਲ ਕਮਜੋਰੀ ਮਾਨਸਕ ਦੁਰਬਲਤਾ ਅਤੇ ਕੰਮ ਵਿਚ ਸੁਸਤੀ ਆ ਜਾਂਦੀ ਹੈ। ਇਹ ਹੀ ਕਾਰਨ ਹੈ ਕਿ ਆਮ ਲੋਕਾਂ ਦਾ ਖਿਆਲ ਹੈ ਕਿ ਕਾਫੀ ਪੀਣ ਨਾਲ ਸਰੀਰ ਵਿਚ ਫੁਰਤੀ ਅਤੇ ਦਿਮਾਗ ਦਰੁਸਤ ਰਹਿੰਦਾ ਹੈ। ਪਰ ਉਹ ਨਹੀਂ ਜਾਣਦੇ ਕਿ ਇਹ ਸੋਚਨੀ ਉਹਨਾਂ ਲਈ ਕਿੰਨੀ ਘਾਤਕ ਹੈ ਕਿਉਂਕਿ ਥਕੇ ਹਾਰੇ ਸਰੀਰ ਨੂੰ ਆਰਾਮ ਦੀ ਲੋੜ ਹੈ ਨਾ ਕਿ ਉਤੇਜਨਾ ਦੀ। ●

(ਧਰਮਯੁਗ 'ਚੋਂ—ਧੰਨਵਾਦ ਸਹਿਤ)

Sri Satguru Jagjit Singh Ji Elibrary NamdhariElibrary@gmail.com

ਮੇਲਾ ਬਾਬਾ ਹਰਿਬਲਭ

—ਵੀਰੇਂਦਰ

ਜਲੰਧਰ ਵਿਚ ਹੋਣ ਵਾਲਾ ਬਾਬਾ ਹਰਿਵਲਭ ਸੰਗੀਤ ਮੇਲਾ ਉਤਰੀ ਭਾਰਤ ਦਾ ਪ੍ਰਮੁਖ ਸੰਗੀਤ ਮੇਲਾ ਹੈ।

ਇਹ ਮੇਲਾ ਬਾਬਾ ਹਰਿਬਲਭ ਦੀ ਯਾਦ ਵਿਚ ਦਸੰਬਰ ਮਹੀਨੇ ਦੇ ਅੰਤਮ ਦਿਨਾਂ ਵਿਚ ਬੜੀ ਧੂਮ ਧਾਮ ਨਾਲ ਮਨਾਇਆ ਜਾਂਦਾ ਹੈ। ਇਸ ਸੰਗੀਤ ਮੇਲੇ ਵਿਚ ਭਾਰਤ ਤੋਂ ਇਲਾਵਾ ਪਾਕਿਸਤਾਨ ਅਤੇ ਕਾਬਲ ਦੇ ਉਚ ਕੋਟੀ ਦੇ ਸ਼ਾਸਤਰੀ ਸੰਗੀਤ ਦੇ ਉਸਤਾਦ ਭਾਗ ਲੈਂਦੇ ਰਹੇ ਹਨ। ਇਸ ਮੇਲੇ ਵਿਚ ਸਰੋਤੇ ਵੀ ਬੜੀ ਦੂਰ ਦੂਰ ਤੋਂ ਆ ਕੇ ਬੜੇ ਅਨੰਦ ਨਾਲ ਸੁਣਦੇ ਹਨ।

ਹਰ ਸਾਲ ਹੀ ਇਸ ਮੇਲੇ ਵਿਚ ਭਾਗ ਲੈਣ ਵਾਲੇ ਕਲਾਕਾਰਾਂ ਦਾ ਐਲਾਨ ਮੇਲਾ ਸ਼ੁਰੂ ਹੋਣ ਤੋਂ ਇਕ ਜਾਂ ਦੋ ਮਹੀਨੇ ਪਹਿਲਾਂ ਕਰ ਦਿਤਾ ਜਾਂਦਾ ਹੈ ਅਤੇ ਸਰੋਤੇ ਆਪਣੇ ਆਪਣੇ ਪ੍ਰਿਯ ਗਾਇਕ ਅਤੇ ਵਾਦਕ ਉਸਤਾਦਾਂ ਦੇ ਦਰਸ਼ਨ ਕਰਨ ਅਤੇ ਸੁਣਨ ਵਾਸਤੇ ਆਉਂਦੇ ਹਨ। ਪੰਡਤ ਰਵੀ ਸ਼ੰਕਰ, ਉਸਤਾਦ ਵਲਾਇਤ ਖਾਂ, ਕੁਮਾਰ ਗੰਧਰਵ, ਪੰਡਤ ਭੀਮ ਸੈਨ ਜੋਸ਼ੀ, ਉਸਤਾਦ ਅਮਜਦ ਅਲੀ ਇਤਿਆਦਿ ਨੂੰ ਸੁਨਣ ਵਾਸਤੇ ਏਨੀ ਜ਼ਿਆਦਾ ਹਾਜ਼ਰੀ ਹੁੰਦੀ ਸੀ ਕਿ ਰਸਤੇ ਤਕ ਭਰ ਜਾਂਦੇ ਸਨ। ਬੜੀ ਬੜੀ ਦੇਰ ਤੱਕ ਲੋਕ ਖੜੇ ਹੋ ਕੇ ਜਾਂ ਯਥਾ ਯੋਗ ਸਥਾਨ ਪ੍ਰਾਪਤ ਕਰਕੇ ਸੁਣਦੇ ਸਨ।

ਇਸ ਸਾਲ (੧੯੭੮) ਵਿਚ ਵੀ ਇਸ ਮੇਲੇ ਵਿਚ ਹਿਸਾ ਲੈਣ ਵਾਲੇ ਕਲਾਕਾਰਾਂ ਦੀ ਘੋਸ਼ਣਾ ਅਖਬਾਰਾਂ ਵਿਚ ਕਾਫੀ ਦੇਰ ਪਹਿਲਾਂ ਕੀਤੀ ਗਈ ਸੀ ਕਿ ਪੰਡਤ ਰਵੀ ਸ਼ੰਕਰ, ਉਸਤਾਦ ਵਲਾਇਤ ਖਾਂ (ਸਿਤਾਰ), ਪੰਡਤ ਭੀਮ ਸੈਨ ਜੋਸ਼ੀ (ਗਾਇਨ), ਸ੍ਰੀਮਤੀ ਸੁਨੰਦਾ ਪਟਨਾਇਕ (ਗਾਇਣ), ਉਸਤਾਦ ਇਮਰਤ ਹੁਸੈਨ ਖਾਂ (ਸਿਤਾਰ), ਉਸਤਾਦ ਰਈਸ ਖਾਂ (ਸਿਤਾਰ), ਉਸਤਾਦ ਅਮਜਦ ਅਲੀ (ਸਰੋਦ), ਸ੍ਰੀ ਬੁਧਾ ਦਿਤੀਆ ਮੁਕਰਜੀ (ਸਿਤਾਰ), ਸ੍ਰੀਮਤੀ ਪਰਵੀਨ ਸੁਲਤਾਨਾ (ਗਾਇਨ), ਉਸਤਾਦ ਅੱਲਾ ਰੱਖਾ, ਪੰਡਤ ਕਿਸ਼ਨ ਮਹਾਰਾਜ, ਪੰਡਤ ਸਾਮਤਾ ਪ੍ਰਸਾਦਿ (ਤਬਲਾ), ਅਤੇ ਸ੍ਰੀ ਹਰੀ ਪ੍ਰਸਾਦਿ ਚੋਰਸੀਆ (ਬਾਂਸਰੀ) ਕਲਾਕਾਰ ਭਾਗ ਲੈਣਗੇ। ਇਹਨਾਂ ਦੇ ਬੁਹਿਆਂ ਦੇ ਨਾਮ ਕਾਰਡਾਂ ਉਪਰ ਵੀ ਦਰਜ ਸਨ।

ਪਰ ਮੇਲਾ ਸ਼ੁਰੂ ਹੋਣ ਵਾਲੇ ਦਿਨ ਤੱਕ ਲੋਕਾਂ ਨੂੰ ਇਸ ਗਲ ਦਾ ਨਹੀਂ ਸੀ ਪਤਾ ਕਿ ਦੋ ਚਾਰ ਨੂੰ ਛੱਡ ਕੇ ਬਾਕੀ ਸਾਰੇ ਕਲਾਕਾਰ ਨਹੀਂ ਆ ਰਹੇ। ਫਲ ਸਰੂਪ ਸਰੋਤਿਆਂ ਦਾ ਜੋਸ਼ ਸ਼ੁਰੂ ਵਿਚ ਹੀ ਠੰਡਾ ਪੈ ਗਿਆ। ਪਤਾ ਨਹੀਂ ਇਸ ਤਰ੍ਹਾਂ ਦੀ ਗਲ ਕਿਉਂ ਵਾਪਰੀ ਹੈ। ਹਰ ਸਾਲ ਇਹ ਮੇਲਾ ਤਿਨ ਜਾਂ ਚਾਰ ਦਿਨ ਦਾ ਹੁੰਦਾ ਸੀ ਇਸ ਵਾਰ ਇਹ ਖਿਚ ਧੂਹ ਕੇ ਢਾਈ ਦਿਨ ਦਾ ਹੀ ਹੋਇਆ।

ਮੇਲੇ ਦਾ ਆਰੰਭ ੨੭ ਦਸੰਬਰ ਸਵੇਰੇ, ਹੀ ਵਿਦਿਆਰਥੀਆਂ ਦੇ ਸੰਗੀਤ ਮੁਕਾਬਲਿਆਂ ਨਾਲ ਹੋਇਆ। ਇਹ ਮੁਕਾਬਲੇ ਹਰ ਸਾਲ ਬਾਬਾ ਹਰਿਬਲਭ ਦੇ ਨਾਮ ਤੇ ਡੀ.ਏ.ਵੀ. ਕਾਲਜ ਵਲੋਂ ਕਰਵਾਏ ਜਾਂਦੇ ਹਨ। ਅਤੇ ਪਰਬੰਧ ਵੀ ਉਨ੍ਹਾਂ ਦੇ ਹੱਥਾਂ ਵਿੱਚ ਹੀ ਹੈ। ਇਸ ਮੁਕਾਬਲੇ ਦੇ ਨੇਮ ਕੀ ਹਨ ਸ਼ਾਇਦ ਹੀ ਕੋਈ ਦੱਸ ਸਕੇ। ਪਿਛਲੇ ਸਾਲ ਨਾਲੋਂ ਇਸ ਵਾਰ ਮੁਕਾਬਲੇ ਚੰਗੇ ਹੋਏ। ਪਰ ਭਾਗ ਲੈਣ ਵਾਲੀਆਂ ਟੀਮਾਂ ਦੀ ਗਿਣਤੀ ਘੱਟ ਗਈ ਸੀ। ਇਸ ਮੁਕਾਬਲੇ ਵਿਚ ਹਰ ਕਾਲਜ ਪੰਜਾਹ ਰੁਪਏ ਖਰਚ ਆਪਣੇ ਨਵੇਂ ਕਲਾਕਾਰਾਂ ਨੂੰ ਹਿਸਾ ਦੁਆ ਸਕਦਾ ਹੈ। ਇਸ ਵਾਰ ਇਸ ਮੁਕਾਬਲੇ ਵਿਚ ਕੁਮਾਰੀ ਰੇਣੂਕਾ (ਸਿਤਾਰ), ਕੁਮਾਰੀ ਗੰਧਰਭ ਬਾਲਾ (ਗਾਇਣ) ਅਤੇ ਰੂਪ ਲਾਲ (ਤਬਲਾ) ਨੇ ਅਪਣੀ ਕਲਾ ਦਾ ਪ੍ਰਦਰਸ਼ਨ ਬਹੁਤ ਹੀ ਨੀਕ ਢੰਗ ਨਾਲ ਕੀਤਾ ਪਰ ਪਤਾ ਨਹੀਂ ਕਿਉਂ ਉਹਨਾਂ ਨੂੰ ਇਨਾਮਾਂ ਤੋਂ ਵੰਚਿਤ ਕਰ ਦਿਤਾ ਗਿਆ।

੨੮ ਦਸੰਬਰ ਸ਼ਾਮ ਨੂੰ ਪਹਿਲੀ ਮੁਖ ਸਭਾ ਦਾ ਆਰੰਭ ਕੰਨਿਆ ਮਹਾਂ ਵਿਦਿਆਲਾ ਦੀਆਂ ਵਿਦਿਆਰਥਣਾਂ ਦੁਆਰਾ ਸਰਸਵਤੀ ਬੰਦਨਾ ਨਾਲ ਹੋਇਆ। ਜਿਸਦੀ ਬੰਦਸ਼ ਬਹੁਤ ਹੀ ਮਧੁਰ ਸੀ। ਉਸ ਪਿਛੋਂ ਸ੍ਰੀ ਸ਼ਾਮ ਲਾਲ ਜੀ ਦਾ ਸ਼ਹਿਨਾਈ ਵਾਦਨ ਹੋਇਆ। ਉਸ ਸ਼ਾਮ ਦੀ ਮਹਿਫਲ ਵਿਚ ਵਿਚ ਭਾਗ ਲੈਣ ਵਾਲੇ ਕਲਾਕਾਰਾਂ ਵਿਚ ਸ੍ਰੀ ਮਨੋਹਰ ਲਾਲ ਗਾਇਣ, ਸ੍ਰੀ ਕ੍ਰਿਸ਼ਨ ਕਾਂਤ (ਗਾਇਣ) ਸਰਦਾਰ ਸੋਹਣ ਸਿੰਘ (ਗਾਇਨ), ਪੰਡਤ ਜੱਸ ਰਾਜ (ਗਾਇਣ) ਅਤੇ ਸ੍ਰੀ ਹਰੀ

Sri Satguru Jagjit Singh Ji Elibrary NamdhariElibrary@gmail.com

ਪ੍ਰਸਾਦਿ ਚੌਰਸੀਆ (ਬਾਂਸਰੀ) ਨੇ ਭਾਗ ਲਿਆ ਤਬਲਾ ਸੰਗਤ ਵਾਸਤੇ ਸ੍ਰੀ ਜ਼ਾਕੁਰ ਹੁਸੈਨ, ਸ੍ਰੀ ਸੋਹਨ ਸਿੰਘ, ਅਤੇ ਪੰਡਤ ਰਮਾਂ ਕਾਂਤ ਪ੍ਰਮੁਖ ਸਨ। ਸ੍ਰੋਤੇ ਅਪਣੇ ਪਿਆਰੇ ਕਲਾ ਕਾਰ ਚੌਰਸੀਆ ਦੀ ਬਾਂਸਰੀ ਸੁਣਨ ਵਾਸਤੇ ਅਗਲੀ ਸਵੇਰ ਤੱਕ ਬੈਠੇ ਰਹੇ।

੨੯ ਦਸੰਬਰ ਸਵੇਰੇ ੮-੩੦ ਵਜੇ ਸਭਾ ਦਾ ਆਰੰਭ ਕੀਤਾ ਗਿਆ। ਪੰਜਾਬ ਦੇ ਕਲਾਕਾਰਾਂ ਤੋਂ ਇਲਾਵਾ ਸ੍ਰੀ ਕ੍ਰਿਸ਼ਨ ਲਾਲ ਸਹਿਗਲ (ਬੰਸਰੀ) ਉਸਤਾਦ ਬੜੇ ਗੁਲਾਮ ਅਲੀ ਖਾਂ ਦੇ ਸਾਹਿਬਜ਼ਾਦੇ ਮੁਨਵਰ ਅਲੀ ਖਾਂ (ਗਾਇਣ) ਇਤਿਆਦਕ ਕਲਾਕਾਰਾਂ ਨੇ ਭਾਗ ਲਿਆ।

੨੯ ਦਸੰਬਰ ਦੀ ਸ਼ਾਮ ਦੀ ਸਭਾ ਵਿਚ ਸ. ਪ੍ਰਕਾਸ਼ ਸਿੰਘ ਬਾਦਲ [ਮੁੱਖ ਮੰਤਰੀ ਪੰਜਾਬ] ਪ੍ਰਧਾਨਗੀ ਪੱਦ ਤੇ ਬਿਰਾਜਮਾਨ ਸਨ। ਇਸ ਸਭਾ ਵਿਚ ਨੌਜੁਆਨ ਕਲਾਕਾਰਾਂ ਨੂੰ ਇਨਾਮ ਦਿਤੇ ਗਏ। ਮੁਖ ਕਲਾਕਾਰਾਂ 'ਚੋਂ ਸ੍ਰੀ ਬ੍ਰਿਜ ਨਾਰਾਇਣ ਨੇ ਸਰੋਦ ਵਜਾਇਆ। ਤਬਲਾ ਸੰਗਤ ਤੇ ਪੰਡਤ ਸਾਮਤਾ ਪ੍ਰਸਾਦ ਸਨ। ਸ੍ਰੀਮਤੀ ਸ਼ੀਲਾ ਧੱਰ ਦਾ ਗਾਇਣ ਹੋਇਆ। ਉਸ ਪਿਛੋਂ ਸ੍ਰੀ ਬੁਧਾ ਦਿਤੀਆ ਮੁਖਰਜੀ ਦਾ ਸਿਤਾਰ ਵਾਦਨ ਸੀ। ਬੁਧਾ ਦਿਤਾ ਨਵਯੁਵਕ ਕਲਾਕਾਰਾਂ ਵਿਚੋਂ ਹਨ ਜਿਨ੍ਹਾਂ ਦੀ ਉਮਰ ਲੱਗ ਭੱਗ ੨੩ ਸਾਲ ਹੈ ਇੰਨਜੀਨਅਰ ਪਿਤਾ ਦੇ ਇੰਨਜੀਨਅਰ ਸਪੁਤਰ ਹਨ। ਬਚਪਨ ਤੋਂ ਹੀ ਸੰਗੀਤ ਦੀ ਸਿਖਿਆ ਆਪਣੇ ਪਿਤਾ ਸ੍ਰੀ ਬਿਮਲ ਮੁਖਰਜੀ ਤੋਂ ਲਈ ਜੋ ਕਿ ਉਸਤਾਦ ਇਨਾਇਤ ਖਾਂ (ਗੌਰੀ ਪੁਰ) ਦੇ ਸਿੱਖ ਹਨ। ਇਹਨਾਂ ਆਪਣੀ ਕਲਾ ਦਾ ਪ੍ਰਦਰਸ਼ਨ ਰਾਗ ਮਾਲਕੌਂਸ ਨਾਲ ਕੀਤਾ। ਸਰੋਤਿਆਂ ਨੇ ਤੁਲਨਾਤਮਕ ਭਾਵ ਨਾਲ ਪ੍ਰਸੰਸਾ ਕੀਤੀ। ਕਲਾਕਾਰ ਦੇ ਪ੍ਰਦਰਸ਼ਨ ਵਿਚ ਉਸਤਾਦ ਵਿਲਾਇਤ ਖਾਂ ਦੀ ਝਲਕੀ ਸੁਨਣ ਨੂੰ ਮਿਲ ਰਹੀ ਸੀ। ਕਲਾਕਾਰ ਨੇ ਬਾਅਦ ਵਿਚ ਕਾਫੀ ਵਿਚ ਇਕ ਟੱਪਾ ਵਜਾ ਕੇ ਆਪਣੀ ਦਾ ਕਲਾ ਪ੍ਰਦਰਸ਼ਨ ਸਮਾਪਤ ਕੀਤਾ। ਇਸ ਪਿਛੋਂ ਪੰਡਤ ਜੱਸ ਰਾਜ ਅਤੇ ਸ੍ਰੀਮਤੀ ਗੰਗੂ ਬਾਈ ਹੰਗਲ ਦਾ ਗਾਣਾ ਹੋਇਆ। ਰਾਤ ਨੂੰ ਹੀ ਸਮਤੀ ਹੰਗਲ ਨੇ ਮੀਆਂ ਕੀ ਟੋਡੀ ਗਾਕੇ ਸਰੋਤਿਆਂ ਨੂੰ ਹੈਰਾਨ ਕਰ ਦਿੱਤਾ। ਕਿਉਂਕਿ ਮੀਆਂ ਦੀ ਟੋਡੀ ਦਾ ਸਮਾਂ ਦਿਨ ਦਾ ਦੂਸਰਾ ਪਹਿਰ ਹੈ।

ਇਸੇ ਤਰ੍ਹਾਂ ੩੦ ਦਸੰਬਰ ਦੀ ਸਭਾ ਵਿਚ ਹੋਰ ਕਲਾਕਾਰਾਂ ਸ੍ਰੀ ਐਸ. ਕੇ. ਦੱਤਾ (ਸਿਤਾਰ) ਸ੍ਰੀ ਕ੍ਰਿਸ਼ਨ ਲਾਲ ਸਹਿਗਲ (ਸਿਤਾਰ) ਪੰਡਤ ਰਸਿਕ ਲਾਲ ਅੰਧਾਰੀਆ, ਗੰਗੂ ਬਾਈ ਹੰਗਲ (ਗਾਇਣ) ਸ੍ਰੀ ਬ੍ਰਿਜ ਨਰਾਇਣ ਸਰੋਦ, ਸ੍ਰੀ ਆਸ਼ਿਸ਼ ਖਾਂ ਸਰੋਦ, ਸ੍ਰੀ ਭੀਮ ਸੈਨ ਜੋਸ਼ੀ ਅਤੇ ਮੁਹੰਮਦ ਹੁਸੈਨ ਸਰਆਹੰਗ ਦਾ ਪ੍ਰੋਗਰਾਮ ਹੋਇਆ। ਸਭਾ ਵਿਚ ਕਲਾਕਾਰ ਭਾਸ਼ਨ ਦੇ ਦੇ ਕੇ ਵਜਾ ਰਹੇ ਸਨ। ਆਸ਼ਿਸ਼ ਖਾਂ ਨੇ ਕਿਹਾ ਕਿ ਸੰਗੀਤ ਵਿਚ ਸਿਆਸਤ ਦਾ ਬੋਲ ਬਾਲਾ ਹੈ ਜਿਸ ਦੇ ਨਾਲ ਬਦਬੂ ਆ ਰਹੀ ਹੈ। ਬਾਅਦ ਵਿਚ ਮਾਈਕ ਤੋਂ ਅਨਾਊਂਸ ਕੀਤਾ ਗਿਆ ਕਿ ਮੇਲੇ ਵਿਚ ਕਿਸੇ ਨੇ ਨਹੀਂ ਆਉਣਾ ਤਾਂ ਨਾ ਆਵੇ। ਸ੍ਰੀ ਸਾਮਤਾ ਪ੍ਰਸਾਦਿ ਜੀ ਸੰਗਤ ਕਰਦੇ ਕਰਦੇ ਵਿਚੋਂ ਹੀ ਭਾਸ਼ਨ ਦੇਣ ਲਗ ਪੈਂਦੇ ਸਨ। ਇਕ ਹੱਥ ਨਾਲ ਤਬਲਾ ਵਜਾਉਣ ਦੀ ਚਨੌਤੀ ਠੀਕ ਨਹੀਂ ਸੀ ਲਗ ਰਹੀ। ਜਦੋਂ ਇਕ ਹਥ ਨਾਲ ਤਬਲੇ ਤੇ ਨਾ ਤੀ ਤੀ ਨਾ ਹੀ ਵਜਦਾ ਹੈ ਨਾ ਕਿ ਨਾ ਧੀ ਧੀ ਨਾ ਅਤੇ ਝਾਲਾ ਤਾਂ ਸਰੋਦ ਤੇ ਸਜੇ ਹੱਥ ਨਾਲ ਹੀ ਵਜਾਇਆ ਜਾਂਦਾ ਹੈ ਜਿਸ ਵਿਚ ਦਾ ਰਾ ਰਾ ਰਾ ਦੀ ਹੀ ਆਵਾਜ਼ ਸੁਣਾਈ ਦਿੰਦੀ ਹੈ ਕੋਈ ਸਰਗਮ ਨਹੀਂ ਸੁਣਾਈ ਦਿੰਦੀ।

ਇਸ ਵਾਰ ਮੇਲੇ ਤੇ ਆਉਣ ਵਾਲੇ ਸਾਰੇ ਕਲਾਕਾਰਾਂ ਵਿਚ ਹੀ ਆਮ ਤੌਰ ਤੇ ਰੋਸ ਪਾਇਆ ਗਿਆ। ਆਮ ਸ਼ਿਕਾਇਤ ਸੀ ਕਿ ਬਾਵਜੂਦ ਸੂਚਨਾ ਦੇਣ ਦੇ ਕੋਈ ਰੇਲਵੇ ਸਟੇਸ਼ਨ ਤੇ ਲੈਣ ਨਹੀਂ ਗਿਆ। ਸ਼ਾਇਦ ਇਸੇ ਕਾਰਨ ਹੀ ਬੁਧਾ ਦਿਤਿਆ ਮੁਖਰਜੀ ਨੂੰ ਉਸ ਦੇ ਸ਼ਾਗਿਰਦ ਨੇ ਸ਼ਹਿਰ ਦੀ ਥਾਂ ਪਿੰਡ ਬੱਲ ਵਿਚ ਠਹਿਰਾਇਆ। ਪ੍ਰੋਗਰਾਮ ਕਦੋਂ ਸ਼ੁਰੂ ਹੋਣਾ ਹੈ ਇਸ ਬਾਰੇ ਨਾ ਕਲਾਕਾਰਾਂ ਨੂੰ ਪਤਾ ਲਗਦਾ ਸੀ ਨਾ ਸਰੋਤਿਆਂ ਨੂੰ। ਕਲਾਕਾਰ ਵਰਤਾਉ, ਪ੍ਰਬੰਧ ਅਤੇ ਭੇਟਾ ਤੋਂ ਵੀ ਅੰਸਤੁਸ਼ਟ ਗਏ ਹਨ।

ਸਰੋਤਿਆਂ ਵਿਚ ਵੀ ਸੁਨਣ ਦਾ ਉਤਸਾਹ ਨਹੀਂ ਸੀ। ਬੇਪ੍ਰਤੀਤੀ ਦਾ ਮਾਹੌਲ ਸੀ। ਇੰਜ ਲਗਿਆ ਜਿਵੇਂ ਪ੍ਰਬੰਧਕਾਂ ਬਝਿਆਂ ਰੁਝਿਆ ਮਜਬੂਰੀ ਵਿਚ ਕਿਸੇ ਨਾ ਕਿਸੇ ਤਰ੍ਹਾਂ ਇਹ ਮੇਲਾ ਭੁਗਤਾਇਆ ਹੈ।

Sri Satguru Jagjit Singh Ji Elibrary NamdhariElibrary@gmail.com

ਹਾਸ ਵਿਅੰਗ

ਚਮਚੇ

ਨਿਰੰਜਨ ਸ਼ਰਮਾ ਸੇਖਾ

ਪਿੱਤਲ ਸਿਲਵਰ ਰਬੜ ਜਾਂ ਸਟੀਲ ਦੇ ਚਮਚਿਆਂ ਦੀ ਗੱਲ ਮੈਂ ਨਹੀਂ ਕਰ ਰਿਹਾ। ਇਹ ਚਮਚੇ ਤਾਂ ਸਾਡੀ ਹੀ ਤਰ੍ਹਾਂ ਜਿਉਂਦੇ ਜਾਗਦੇ ਮਨੁੱਖ ਨੇ, ਜਿਹੜੇ ਕਿ ਆਪਣੀ ਕਲਾ ਨਾਲ ਦੂਸਰਿਆਂ ਨੂੰ ਬੁੱਧੂ ਬਣਾ ਕੇ ਆਪਣਾ ਉੱਲੂ ਸਿੱਧਾ ਕਰਦੇ ਹਨ। ਇਹਨਾਂ ਚਮਚਿਆਂ ਦੀ ਤਾਂ ਕਿਸੇ ਥਾਂ ਵੀ ਕਮੀ ਨਹੀਂ, ਬਸ ਸਮਝਣ ਤੇ ਪਰਖਣ ਦੀ ਲੋੜ ਹੈ। ਦੂਰ ਕਿਉਂ ਜਾਣਾ ਏ ਆਪਣੇ ਮੰਜੇ ਥਲੇ ਸੋਟੀ ਕਿਓਂ ਨਾ ਫੇਰੀਏ। ਹਾਂ ਇੱਕ ਚਮਚਾ ਤਾਂ ਮੇਰੇ ਘਰ ਵਿੱਚ ਹੀ ਨਿਵਾਸ ਰਖਦੈ। ਪਰ ਉਹ ਕੋਈ ਬਹੁਤਾ ਵੱਡਾ ਨਹੀਂ, ਨਿੱਕਾ ਜਿਹਾ ਏ ਜਿਵੇਂ ਕਿਸੇ ਦਵਾਈ ਦੀ ਪੈਕ ਹੋਈ ਸ਼ੀਸ਼ੀ ਵਿੱਚ ਟੀ ਸਪੂਨ ਹੁੰਦਾ ਹੈ।

ਗੱਲ ਇਹ ਹੈ, ਜਿਹੜਾ ਮੇਰਾ ਨਿੱਕਾ ਮੁੰਡਾ ਘੁੱਗੂ ਹੈ ਨਾ, ਉਮਰ ਉਸਦੀ ਹੋਵੇਗੀ ਕੋਈ ਸਾਢੇ ਤਿੰਨ ਕੁ ਸਾਲਾਂ ਦੀ। ਉਹ ਸਵੱਖਤੇ ਆਪਣੀ ਬੀਬੀ ਨਾਲੋਂ ਇਉਂ ਉਠੇਗਾ ਜਿਵੇਂ ਕੰਬਖਤ ਦੇ ਭਰਿੰਡ ਨੇ ਦੰਦੀ ਵੱਡ ਲਈ ਹੋਵੇ। ਫੇਰ ਆਪਣੀ ਦਾਦੀ ਕੋਲ ਜਾ ਕੇ ਚਾਪਲੂਸੀ ਕਰਦਿਆਂ ਆਖੇਗਾ : "ਬੱਦੀ ਬੇਬੇ ਮੈਨੂੰ ਤੇਰਾ ਬਹੁਤਾ ਹੀ ਖਿਆਲ ਆਉਂਦੈ। ਕਲ੍ਹ ਤੋਂ ਮੈਂ ਤੇਰੇ ਨਾਲ ਹੀ ਥੋਇਆਂ ਤਲੂੰ। ਆਪਦੀ ਬੀਬੀ ਨਾਲ ਨਹੀਂ ਥੋਂਦਾਂ। ਬੱਦੀ ਬੇਬੇ ਜੱਦ ਮੈਂ ਬੱਦਾ ਹੋ ਗਿਆਂ ਨਾ ਤੇਰੀ ਥੇਵਾ ਕਲਿਆ ਕਲੂੰ।"

ਘੁਗੂ ਦੀ ਇੰਹ ਗੱਲ ਸੁਣਕੇ ਮੈਨੂੰ ਬਹੁਤ ਗੁੱਸਾ ਆਉਂਦਾ ਹੈ। ਅਤੇ ਇਸੇ ਗੁੱਸੇ ਵਿੱਚ ਹੀ ਮੈਂ ਬੋਲਦਾ ਹਾਂ। ਵੇਖ ਬੇਬੇ ਜੱਦ ਤੇਰੀ ਸੇਵਾ ਪੁੱਤ ਦੀ ਨੀ ਕਰਦਾ, ਤਾਂ ਇਹ ਤੇਰੇ ਪੁੱਤ ਦਾ ਪੁੱਤ ਕੀ ਲੱਲਰ ਲਾਊ। ਇਹ ਤਾਂ ਚਮਚਾ, ਨਿਰਾ ਖਾਣ ਦਾ ਕੁੱਤਾ।—ਪਰ ਮਾਂ ਮੇਰੀ ਇਸ ਗੱਲ ਨੂੰ ਇਉਂ ਪਰਾਂ ਸੁਟ ਦਿੰਦੀ ਏ। ਜਿਵੇਂ ਉਹ ਸੁਆਹ ਦਾ ਬਠੱਲ ਰੂੜੀ ਤੇ ਸੁਟ ਕੇ ਆਉਂਦੀਂ ਹੈ। ਉਹ ਆਪਣੇ ਪੋਤੇ ਨੂੰ ਚੁੰਮੇਗੀ, ਪਿਆਰ ਕਰੇਗੀ, ਬੁੱਕਲ ਵਿਚ ਲੈ ਕੇ ਦੁੱਧ ਰਿੜਕੇਗੀ ਤੇ ਫੇਰ ਘੁੱਗੂ ਮੂਹਰੇ ਅਧਰਿੜਕੇ ਦੀ ਕੌਲੀ ਭਰ ਕੇ ਰੱਖ ਦੇਵੇਗੀ। ਕਾਕਾ ਜੀ ਇਸ ਪਦਾਰਥ ਨੂੰ ਪਚਾਕੇ ਮਾਰ ਮਾਰ ਛਕਦੇ ਨੇ ਤੇ, ਆਪਣੀ ਚਮਚਾ ਗਿਰੀ ਦਾ ਪੂਰਾ ਲਾਭ ਉਠਾਉਂਦੇ ਹਨ।

ਕਲ ਦੀ ਗੱਲ ਹੈ। ਮੈਂ ਦੁਕਾਨ ਤੇ ਲੂਣ ਤੇਲ ਲੈਣ ਲਈ ਗਿਆ ਅਗੇ ਇੱਕ ਸੱਜਣ ਬੈਠੇ ਹੋਏ ਸਨ। ਖੁਦਾ ਜਾਣੇ ਉਹਨਾਂ ਦੀ ਗੱਲ ਕਦੋਂ ਤੇ ਕਿਵੇਂ ਚਲੀ ਪਰ ਮੇਰੇ ਉਥੇ ਪੁਜਣ ਤੇ ਉਹ ਫੁਰਮਾ ਰਹੇ ਸਨ। "ਲਾਲਾ ਜੀ ਥੋਡੀ ਕੌਮ ਨੂੰ ਤਾਂ ਲੋਕ ਐਵੇਂ ਨਿੰਦਦੇ ਐਂ, ਬਈ ਇਹ ਡੰਡੀ ਮਾਰ ਹੁੰਦੇ ਨੇ। ਸੌਦਾ ਘੱਟ ਤੋਲਦੇ ਨੇ। ਤੇ ਜੱਟਾਂ ਦੀ ਛਿਲ ਲਾਹੁਣ ਲਗੇ ਢਿੱਲ ਨਹੀਂ ਕਰਦੇ। ਪਰ ਜੀ ਰੱਬ ਝੂਠ ਨਾ ਬੁਲਾਵੇ, ਫਿਰ ਜ਼ਿਮੀਂ ਅਸਮਾਨ ਵੀ ਕਿਸੇ ਆਸਰੇ ਖੜੇ ਹਨ। ਕਲ੍ਹ ਤੁਹਾਡੇ ਕੋਲੋ ਪਾਈਆ ਹਲਦੀ ਲੈ ਕੇ ਗਿਆ ਸੀ ਨਾ?

ਲਾਲਾ ਲੋਕਾਂ ਨੂੰ ਸੌਦਾ ਪਤਾ ਤੋਲਣ ਦੇ ਨਾਲ ਨਾਲ ਉਸ ਸੱਜਣ ਦੀ ਗੱਲ ਵੀ ਧਿਆਨ ਨਾਲ ਸੁਣ ਰਿਹਾ ਸੀ। ਉਹ ਬੋਲਿਆ :—"ਫਿਰ ਬਈ।" ਫਿਰ ਕੀ ਜੀ" ਉਸ ਸੱਜਣ ਨੇ ਗੱਲ ਦੀ ਲੜੀ ਜੋੜਦਿਆਂ ਕਿਹਾ, ਮੇਰੇ ਘਰਆਲੀ ਨੂੰ ਵਹਿਮ ਹੋ ਗਿਆ ਕਿ ਹਲਦੀ ਤੋਲ ਵਿੱਚ ਘੱਟ ਹੈ। ਮੇਰੇ ਰੋਕਣ ਤੇ ਵੀ ਉਹ ਗਵਾਂਢ ਵਿਚੋਂ ਤੱਕੜੀ ਵੱਟਾ ਮੰਗ ਲਿਆਈ। ਰੱਬ ਤੁਹਾਡਾ ਭਲਾ ਕਰੇ। ਜਦ ਉਸਨੇ ਹਲਦੀ ਜੋਖੀ ਤਾਂ ਘਟਣੀ ਤਾਂ ਕੀ ਸੀ। ਸਗੋਂ ਮਾਸਾ ਭਰ ਵੱਧ ਗਈ। ਵਾਰੇ ਵਾਰੇ ਜਾਈਏ ਥੋਡੀ ਮਾਨਦਾਰੀ ਦੇ। ਧੰਨ ਹੈ, ਉਹ ਮਾਤਾ ਜਿਸਨੇ ਥੋਨੂੰ ਜਨਮ ਦਿੱਤਾ।

ਆਪਣੀ ਪਰਸੰਸਾ ਸੁਣ ਲਾਲਾ ਉਸ ਸਜੱਣ ਤੇ ਬਾਗੋ ਬਾਗ ਹੋ ਕੇ ਬੋਲਿਆ, ਬੁਜੜ ਸਿੰਹਾਂ ਤੀਵੀਆਂ ਦੇ ਕਦੇ ਮਗਰ ਨਹੀਂ ਲਗਣਾ ਚਾਹੀਦਾ, ਇਹਨਾਂ ਦੀ ਮੱਤ ਤਾਂ ਗੁੱਤ ਪਿਛੇ ਹੁੰਦੀ ਐ। ਜਿਹੜੇ ਬੰਦੇ ਇਸਤਰੀਆਂ ਦੇ ਮਗਰ ਲੱਗ ਗਏ।

Sri Satguru Jagjit Singh Ji Elibrary NamdhariElibrary@gmail.com

ਉਹਨਾਂ ਤਾਂ ਆਪਣਾ ਘਰ ਬਾਰ ਤਬਾਹ ਕਰ ਲਿਆ। ਪਰ ਛੱਡ ਤੂੰ ਇਹ ਗਲਾਂ, ਦਸ ! ਅੱਜ ਕੀ ਚਾਹੀਦਾ ਹੈ।

ਜੀ ਸੋਦਾ ਤਾਂ ਲੈ ਕੇ ਜਾਣਾ ਸੀ। ਪਰ ਮੈਂ ਪੈਸੇ ਲੈ ਕੇ ਨਹੀਂ ਆਇਆ।" ਬੁਜੜ ਸਿੰਘ ਨੇ ਹਲੀਮੀ ਨਾਲ ਆਖਿਆ। ਓ ਬੁਜੜ ਸਿੰਹਾ ਕੈਸੀਆਂ ਭੋਲੀਆ ਗਲਾਂ ਕਰਦੈਂ ? ਇਹ ਤਾਂ ਦੁਕਾਨ ਹੀ ਤੇਰੀ ਹੈ ਬੋਲ ਕੀ ਚਾਹੀਦੇ ?

ਇੱਕ ਕਿਲੋ ਚਾਹ, ਦੋ ਕਿਲੋ ਘੀ, ਪੰਜ ਕਿਲੋ ਗੁੜ। ਅੱਧ ਕਿਲੋ ਗਰਮ ਮਸਾਲਾ ਤੇ ਇਹੋ ਜਿਹਾ ਹੋਰ ਨਿੱਕ-ਸੁੱਕ। ਜਿਸਦੀ ਕੀ ਤ ਮੇਰੇ ਖਿਆਲ ਅਨੁਸਾਰ ਡੇਢ ਕੁ ਸੋ ਰੁਪਇਆ ਬਣਦੀ ਸੀ। ਲੈ ਕੇ ਬੁਜੜ ਸਿੰਘ ਤਿਤੱਰ ਹੋ ਗਿਆ। ਉਸਦੇ ਜਾਣ ਤੋਂ ਬਾਦ ਲਾਲਾ ਆਖ ਰਿਹਾ ਸੀ। ਇਹ ਜਿਮੀਂਦਾਰ ਤਾਂ ਗਊ ਹੈ—ਗਊ। ਬਸ ਆਪਣੇ ਕੰਮ ਵਿੱਚ ਹੀ ਮਸਤ ਰਹਿੰਦੇਂ।

ਇਹ ਹਨ ਪੰਜਾਬੀ ਕਵੀ ਫਾਕੇ-ਕੱਟ। ਇਸ ਕਾਫਰ ਨੇ ਕਵਿਤਾਵਾਂ ਲਿਖ ਲਿਖ ਕੇ ਆਪਣੀ ਬੈਠਕ ਦੀਆਂ ਅਲਮਾਰੀਆਂ ਭਰ ਲਈਆਂ ਹਨ। ਪਰ ਇਹ ਸਾਹਿੱਤ ਦੀ ਬਦਕਿਸਮਤੀ ਸਮਝੋ ਕਿ ਕੋਈ ਵੀ ਸੰਪਾਦਕ ਇਹਨਾਂ ਦੀ ਰਚਨਾ ਨੂੰ ਆਪਣੇ ਪੱਤਰ ਵਿਚ ਨਹੀਂ ਛਾਪਦਾ। ਇਸ ਦਾ ਫਾਕੇ ਕਟ ਨੇ ਕਦੀ ਗਮ ਨਹੀਂ ਕੀਤਾ। ਉਸਦਾ ਕਹਿਣਾ ਏ ਕਿ ਸੰਪਾਦਕਾਂ ਕੋਲ ਅਕਲ ਨਾਂ ਦੀ ਵਸਤੂ ਹੀ ਨਹੀਂ। ਜਿਸ ਨਾਲ ਉਸਦੀ ਰਚਨਾ ਸਮਝ ਸੱਕਣ। —ਪਰ ਇੱਕ ਦਿਨ ਭਾਣਾ ਇਹ ਵਰਤਿਆ ਕਿ ਉੱਚ-ਕੋਟੀ ਦੇ ਮਾਸਕ-ਪੱਤਰ "ਭੰਨ ਤੋੜ" ਵਿੱਚ ਫਾਕਾ ਕੱਟ ਦੀ ਕਵਿਤਾ ਛਪ ਗਈ। ਦੇਖ ਕੇ ਮੈਂ ਬੜਾ ਹੈਰਾਨ ਹੋਇਆ। ਕਿਥੇ ਉੱਚ—ਮਿਆਰੀ ਰਸਾਲਾ "ਭੰਨ-ਤੋੜ" ਕਿਥੇ ਫਾਕੇ-ਕਟ ਦੀ ਕਵਿਤਾ। ਇਹ ਤਾਂ ਉਲਟੀ ਗੰਗਾ ਪਹੋਏ ਨੂੰ ਭੱਜੀ ਜਾ ਰਹੀ ਸੀ।

—ਇੱਕ ਦਿਨ ਮੈਨੂੰ ਫਾਕੇ ਕਟ ਬਜਾਰ ਮਿਲ ਗਿਆ। ਮੈਂ ਪੁਛਿਆ ਯਾਰ ਤੇਰੀ ਕਵਿਤਾ ਪੜ੍ਹੀ ਬਹੁਤ ਖੁਸ਼ੀ ਹੋ.ੀ। ਪਰ ਤੇਰੇ ਉਤੇ ਐਡੀਟਰ ਮਿਹਰਬਾਨ ਕਿਵੇਂ ਹੋ ਗਿਆ ?

– ਫਾਕੇ ਕਟ ਬੋਲਿਆ ਅੱਜ ਦੇ ਸਮੇ ਕੌਣ ਕਿਸੇ ਤੇ ਮਿਹਰਬਾਨ ਹੁੰਦੈਂ। ਸਭ ਨੂੰ ਆਪੋ ਆਪਣੀ ਪਈ ਐ। ਸੱਚ ਪੁਛੋ ਹੁਣ ਤਾਂ ਇਹ ਗੱਲ ਏ, ਬਈ ਇੱਕ ਹਥ ਦਿਓ ਅਤੇ ਦੂਜੇ ਹੱਥ ਲਓ।

"ਗੱਲ ਕੀ ਹੋਈ ਫਾਕੇ ਕੱਟ ਜੀ।" ਮੈਂ ਫਿਰ ਪੁੱਛ ਕੀਤੀ। ਕਵੀ ਸਾਹਬ ਬੋਲੇ। ਇਸ ਤੋਂ ਪਹਿਲਾਂ ਮੈਂ ਇੱਕ ਇੱਕ ਕਰਕੇ ਇੱਕੀ ਕਵਿਤਾਵਾਂ "ਭੰਨ ਤੋੜ" ਨੂੰ ਘੱਲੀਆਂ। ਪਰ ਮੇਰੇ ਕੋਲ ਉਹ ਇਉਂ ਵਾਪਸ ਪਰਤ ਆਈਆਂ ਜਿਵੇਂ ਨਵੀਂ-ਵਿਆਹੀ ਕੁੜੀ ਸਹੁਰਿਆਂ ਤੋਂ ਪੇਕੇ ਦੌੜੀ ਆਉਂਦੀ ਹੈ। ਸੰਪਾਦਕ ਦੇ ਵਤੀਰੇ ਤੋਂ ਦਿਲ ਦੁਖੀ ਤਾਂ ਬਹੁਤ ਹੋਇਆ, ਪਰ ਕੀਤਾ ਵੀ ਕੀ ਜਾਂਦਾ, ਮੈਂ ਕਿਹੜਾ ਉਸਦੇ ਡਾਂਗ ਮਾਰ ਸਕਦਾ ਸੀ।

—ਇੱਕ ਦਿਨ ਮੇਰੇ ਇੱਕ ਕਹਾਣੀਕਾਰ ਮਿੱਤਰ ਨੇ ਦਸਿਆ ਕਿ ਜੇ ਅੱਜ ਦੇ ਸਮੇ ਕਿਸੇ ਤੋਂ ਕੋਈ ਕੰਮ ਲੈਣਾ ਹੋਵੇ ਤਾਂ ਪਹਿਲਾਂ ਉਸਤੇ ਫੂਕ ਸ਼ਾਸਤਰ ਦਾ ਮੰਤਰ ਪੜ੍ਹੋ ਯਾਨੀ ਉਸਦੀ ਪ੍ਰਸੰਸਾ ਕਰੋ। ਫਿਰ ਦੇਖੋਂ ਉਹ ਤੁਹਾਡੇ ਲਈ ਕਿਵੇਂ ਭਜਿੱਆ ਫਿਰਦਾ ਏ।

—ਮਿੱਤਰ ਦੀ ਗੱਲ ਮੇਰੇ ਦਿਲ ਲਗ ਗਈ ਮੈਂ ਐਡੀਟਰ "ਭੰਨ ਤੋੜ" ਦੀ ਪ੍ਰਸੰਸਾ ਵਿੱਚ ਇੱਕ ਲੇਖ ਲਿਖਿਆ ਉਸ ਵਿੱਚ ਮੈਂ ਸ਼ਬਦਾਂ ਦੀ ਪੌੜੀ ਨਾਲ ਸੰਪਾਦਕ ਨੂੰ ਸਿੱਧਾ ਅਕਾਸ਼ੀ ਚੜ੍ਹਾ ਦਿਤਾ। ਤੇ 'ਭੰਨ ਤੋੜ" ਨੂੰ ਪੰਜਾਬੀ ਸਾਹਿੱਤ ਦੇ ਮੀਲ ਪੱਥਰ ਦਾ ਦਰਜਾ ਬਖਸ਼ ਦਿਤਾ। ਮੇਰੀ ਕਹਿੜਾ ਕਲਮ ਘਸ ਜਾਣੀ ਸੀ। ਰੱਜ ਕੇ ਉਸਦੀ ਤਾਰੀਫ ਕੀਤੀ। ਬਸ ਇਹ ਲੇਖ ਛੱਪਣ ਦੇ ਨਾਲ ਹੀ ਮੈਨੂੰ ਸੰਪਾਦਕ ਦੀ ਚਿੱਠੀ ਮਿਲੀ ਉਸ ਵਿੱਚ ਲਿਖਿਆ ਸੀ ਕਿ ਅਸੀ ਭੰਨ ਤੋੜ ਦਾ "ਨਵੀਨ ਕਵਿਤਾ ਅੰਕ" ਕੱਢ ਰਹੇ ਹਾਂ। ਆਪਣੀ ਰਚਨਾ ਸ਼ੀਘਰ ਘਲੋ। ਗੱਲ ਕੀ ਇਹ ਕ੍ਰਿਸ਼ਮਾ ਫੂਕ-ਸ਼ਾਸਤਰ ਦਾ ਹੈ। ਵਰਨਾ ਕੌਣ ਕਾਫਰ ਮੈਨੂੰ ਕਵੀ ਮੰਨਣ ਲਈ ਤਿਆਰ ਹੈ ? —ਫਾਕੇ ਕੱਟ ਦੀ ਗਲ ਸੁਣਕੇ ਮੈਂ ਸੋਚ ਰਿਹਾ ਸੀ ਧੰਨ ਹਨ ਇਹ ਚਮਚੇ ਤੇ ਇਹਨਾਂ ਦੀ ਚਮਚਾ ਗਿਰੀ। ●

ਪਿੰਡ ਤੇ ਡਾ. ਖਾ. : ਸੇਖਾ ਬਰਾਸਤਾ ਧੂਰੀ
(ਸੰਗਰੂਰ)

Sri Satguru Jagjit Singh Ji Elibrary NamdhariElibrary@gmail.com

Approved By Department of :

AGRICULTURE PUNJAB GOVERNMENT

High Class Manufacturers of :



- QUALITY WHEAT THRASHERS
- MAIZE SHELLERS
- FERTI SEED DRILLS
- AND OTHER AGRICULTURAL IMPLEMENTS

QUALITY MARKED

ਕੁਆਲਟੀ ਮਾਰਕਡ



ਖੇਤੀ ਬਾੜੀ ਦੇ ਵਧੀਆ ਸਾਜ਼ ਸਾਮਾਨ ਬਨਾਉਣ ਵਾਲੇ।

TRADE **JASPAL** MARK

Grams : HABI INDUSTRIES

Phone : 2737

HABI INDUSTRIES (Regd.)

10 Industrial Area

PHAGWARA–144401 (Pb.)

Sri Satguru Jagjit Singh Ji Elibrary NamdhariElibrary@gmail.com

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 269656
Phones : Office : 275938
Resi. : 213054

ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾ ਤੇ ਗਰੰਟੀ ਸ਼ੁਦਾ ਪਕੇ ਰੰਗਾਂ ਵਿਚ ਬਣੇ
ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ, ਲਕੜੀ ਤੇ ਸਟੀਲ ਦੇ
ਫਰਨੀਚਰ ਲਈ ਪਧਾਰੋ ਜਾਂ ਲਿਖੋ।

ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ
ਚਾਂਦਨੀ ਚੌਂਕ ਦਿਲੀ ੧੧੦੦੦੬.

Manufacturers & Suppliers of :

TUKRIDAR PRINTED SHAMIANAS & KANATS

FOR ALL KINDS, IN ATTRACTIVE AND GUARANTEED FAST COLOURS ;

WOODEN & STEEL FURNITURE

PLEASE CONTACT

NAMDHARI AGENCIES

2/2068 CHAH ANDARA,

(Behind Jubilee Cinema)

CHANDNI CHOWK, DELHI-110006

Sri Satguru Jagjit Singh Ji Elibrary NamdhariElibrary@gmail.com

Registered : NW.JL—97

MONTHLY WARIAM January, 1979

Registered with the registrar of News Papers for India No. 26453/75

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ।

ASOKA BISCUIT

ਭਰਪੂਰ ਤੰਦਰੁਸਤੀ ਅਤੇ ਵਧਿਆ ਸਵਾਦ ਲਈ ਵਰਤੋ

WANTED SUB DEALERS

ਡੀਲਰ ਸ਼ਿਪ ਲਈ ਲਿਖੋ ਜਾਂ ਮਿਲੋ

Phones : 565693 562588

Sri Hari Partap Trading Centre

Satguru Partap Singh Market, 10166 Gurdwara Road,

KAROL BAGH — NEW DELHI-110005

ਐਡੀਟਰ, ਪ੍ਰਿੰਟਰ, ਪ੍ਰਕਾਸ਼ਕ ਤੇ ਮਾਲਕ ਜਗਦੀਸ਼ ਸਿੰਘ ਨੇ ਨਾਮਧਾਰੀ ਪ੍ਰਿੰਟਰਜ਼, ਲਾਡੋਵਾਲੀ ਰੋਡ, ਜਲੰਧਰ ਤੋਂ ਛਪਵਾ ਕੇ ਦਫਤਰ ਵਰਿਆਮ ਲਾਡੋਵਾਲੀ ਰੋਡ ਜਲੰਧਰ ਤੋਂ ਪ੍ਰਕਾਸ਼ਤ ਕੀਤਾ। ਪ੍ਰਕਾਸ਼ਨ ਮਿਤੀ 10-1-1979

Sri Satguru Jagjit Singh Ji Elibrary NamdhariElibrary@gmail.com